MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM
SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL.: 09 ISSUE: 49 SATURDAY, 4 DECEMBER, 2021

www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਕੈਨੇਡਾ ਪਹੁੰਚ ਰਹੇ ਯਾਤਰੀਆਂ ਲਈ ਏਅਰਪੋਰਟ 'ਤੇ ਕੋਵਿਡ-19 ਟੈਸਟਿੰਗ ਦੀ ਮੁੜ ਹੋਵੇਗੀ ਸ਼ੁਰੂਆਤ



ਓਟਵਾ-ਸਿਹਤ ਮੰਤਰੀ ਜੀਨ ਯਵੇਸ ਡੁਕਲੋਸ ਨੇ ਕਿਹਾ ਕਿ ਅਮਰੀਕਾ ਤੋਂ ਬਿਨ੍ਹਾਂ ਹੋਰ ਦੇਸ਼ਾਂ ਤੋਂ ਆਉਣ ਵਾਲੇ ਸਾਰੇ ਹਵਾਈ ਯਾਤਰੀਆਂ ਲਈ ਪਹੁੰਚਣ 'ਤੇ ਕੋਵਿਡ-19 ਟੈਸਟਿੰਗ ਅਤੇ ਆਈਸੋਲੇਸ਼ਨ ਸ਼ਰਤਾਂ ਕਿਸੇ ਵੀ ਸਮੇਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ ਅਤੇ ਇਹ ਹਵਾਈ ਅੱਡੇ 'ਤੇ ਨਿਰਭਰ ਕਰਦਾ ਹੈ। ਹਾਊਸ ਆਫ ਕਾਮਨਜ਼ ਨੂੰ ਜਾਂਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੁਕਲੋਸ ਨੇ ਕਿਹਾ ਕਿ ਨਵੀਂ ਨੀਤੀ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਇਹ ਹੁਣ ਹਰੇਕ ਹਵਾਈ ਅੱਡੇ 'ਤੇ ਨਿਰਭਰ ਕਰਦਾ ਹੈ ਜਿਥੇ ਅੰਤਰਰਾਸ਼ਟਰੀ ਉਡਾਨਾਂ ਉੱਤਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਕੁਝ ਅਜਿਹੇ ਹਵਾਈ ਅੱਡੇ ਹਨ ਜਿਹੜੇ ਅਸਲ ਵਿਚ ਤੇਜ਼ੀ ਨਾਲ ਇਨ੍ਹਾਂ ਨੂੰ ਸ਼ੁਰੂ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਕੋਲ ਵਾਧੂ ਸਮਰਥਾ ਹੈ ਅਤੇ ਦੂਸਰੇ ਹਵਾਈ ਅੱਡਿਆਂ ਨੂੰ ਥੋੜਾ ਸਮਾਂ ਲੱਗੇਗਾ। ਮੰਗਲਵਾਰ ਫੈਡਰਲ *(ਬਾਕੀ ਸਫ਼ਾ 5 'ਤੇ)*

# ਹਾਊਸ ਆਫ ਕਾਮਨਜ਼ ਵਲੋਂ ਕਨਵਰਸ਼ਨ ਥੈਰੇਪੀ ਬਿੱਲ ਸਰਬਸੰਮਤੀ ਨਾਲ ਪਾਸ

ਓਟਵਾ-ਹਾਊਸ ਆਫ ਕਾਮਨਜ਼ ਕੰਸਰਵੇਟਿਵ ਦੇ ਮਤੇ ਪਿੱਛੋਂ ਬਿਨ੍ਹਾਂ ਕਿਸੇ ਅਧਿਐਨ ਜਾਂ ਸੋਧ ਦੇ ਸਾਰੇ ਪੜਾਵਾਂ ਰਾਹੀਂ ਕਨਵਰਸ਼ਨ



ਥੈਰੇਪੀ 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਸੀ-4 ਸਰਬਸੰਮਤੀ ਨਾਲ ਪਾਸ ਕਰਨ ਲਈ ਸਹਿਮਤ ਹੋ ਗਿਆ ਹੈ। ਇਹ 44 ਵੀਂ ਸੰਸਦ ਵਿਚ ਹਾਊਸ ਵਿਚ ਪਾਸ ਹੋਣ ਵਾਲਾ ਪਹਿਲਾ ਬਿੱਲ ਬਣ ਗਿਆ ਹੈ। ਲਿਬਰਲਸ ਵਲੋਂ ਬਿੱਲ ਜਿਸ ਦਾ ਉਦੇਸ਼ ਦੋਵਾਂ ਬਾਲਗਾਂ ਤੇ ਬੱਚਿਆਂ ਦੀ ਨੁਕਸਾਨਦੇਹ ਕਨਵਰਸ਼ਨ ਥੈਰੇਪੀ ਕਰਨ ਤੋਂ ਪੂਰੀ ਤਰ੍ਹਾਂ ਮਨ੍ਹਾ ਕਰਨਾ ਹੈ 'ਤੇ ਗੌਰ ਕਰਨ ਤੇ ਵਿਸਤਾਰ ਤੋਂ ਬਾਅਦ ਪੇਸ਼ ਕੀਤਾ ਗਿਆ ਹੈ। ਬਿੱਲ ਸੀ-4 ਕੈਨੇਡਾ ਵਿਚ ਅਪਰਾਧਾਂ ਲਈ ਚਾਰ ਨਵੇਂ ਅਪਰਾਧਿਕ ਕੋਡ ਰਾਹੀਂ ਸਾਰੇ ਉਮਰ ਦੇ ਕੈਨੇਡੀਅਨਾਂ ਲਈ ਨੁਕਸਾਨਦੇਹ ਗੱਲਾਂ ਨੂੰ ਖਤਮ ਕਰਨ ਦੀ ਤਜਵੀਜ਼ ਹੈ। ਇਹ ਬਿੱਲ ਹੁਣ ਸੈਨੇਟਰਾਂ ਦੇ ਹੱਥਾਂ ਵਿਚ ਜਾਵੇਗਾ ਜਿਹੜੇ ਅਜੇ ਤਬਦੀਲੀਆਂ ਦੀ ਮੰਗ ਕਰ ਸਕਦੇ ਹਨ। ਜੇਕਰ ਇਹ ਪਾਸ ਹੋ ਜਾਂਦਾ ਹੈ ਤਾਂ ਬਿੱਲ ਸੀ-4 ਦੂਸਰੇ ਵਿਅਕਤੀ ਦੀ ਕਨਵਰਸ਼ਨ ਥੈਰੇਪੀ ਕਰਨ ਵਾਲੇ ਵਿਅਕਤੀ ਲਈ ਪੰਜ ਸਾਲ ਤਕ ਦੀ ਕੈਦ ਦੀ ਸਜ਼ਾ ਨਾਲ ਸਜ਼ਾਯੋਗ ਅਪਰਾਧ ਬਣਾ ਦੇਵੇਗਾ। 11 ਸਫ਼ਿਆਂ ਦਾ ਬਿੱਲ ਇਸ ਨੂੰ ਮੁਹੱਈਆ ਕਰਨ ਦਾ ਪ੍ਰਚਾਰ ਕਰਨ, ਇਸ਼ਤਿਹਾਰਬਾਜ਼ੀ ਜਾਂ ਇਹ ਥੈਰੇਪੀ ਮੁਹੱਈਆ ਕਰਕੇ ਮੁਨਾਫਾ ਕਮਾਉਣ ਨੂੰ ਅਪਰਾਧ ਬਣਾਉਣ ਦੀ ਵੀ ਕੋਸ਼ਿਸ਼ ਹੈ। ਕੰਸਰਵੇਟਿਵ ਨੇਤਾ ਐਰਿਨ ਓਟੂਲ ਬਿੱਲ ਨੂੰ ਮੁਕਤ ਵੋਟ ਦੇਣ ਲਈ ਤਿਆਰ ਹੈ ਜਿਸ ਦਾ ਮਤਲਬ ਉਹ ਆਪਣੀ ਕੌਕਸ ਨੂੰ ਵੋਟ ਨੂੰ ਇਧਰ ਜਾਂ ਉਧਰ ਪਾਉਣ ਲਈ ਵਿੱਪ ਜਾਰੀ ਨਹੀਂ ਕਰੇਗਾ, ਬਿੱਲ ਵਿਚ ਤਬਦੀਲੀ ਬਾਰੇ ਚੈਂਬਰ ਵਿਚ ਕੋਈ ਇਤਰਾਜ਼ ਨਹੀਂ ਸੁਣਿਆਂ ਗਿਆ।


For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

ਕਰੰਸੀ ਐਕਸਚੇਂਜ ਦੇ ਕਾਰੋਬਾਰ ਵਿੱਚ 18 ਸਾਲ ਤੋਂ ਰੇਟ ਅਤੇ ਭਰੋਸੇ ਦਾ ਪਰਖਿਆ ਹੋਇਆ ਨਾਮ
NEW WAY
FOREIGN EXCHANGE LTD.
ਭਾਰਤ ਦੇ ਕਿਸੇ ਵੀ ਕੋਨੇ ਤੋਂ ਪੈਸੇ ਭੇਜਣ ਜਾਂ ਮੰਗਵਾਉਣ ਲਈ ਇਕ ਹੀ ਨਾਮ ਯਾਦ ਰੱਖੋ
24 Hour Service Available
Narinder S Tuli
604.760.7257
778.700.1032
#116-8028 128 St (Little India Plaza), Surrey


Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002


S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle and Personal Injury Cases
For over 50 years Simpson, Thomas & Associates (formerly Simpson & Company) have been advocates for personal injury victims seeking justice.
A+ Rated
BBB
ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 09 ISSUE: 49 SATURDAY, 4 DECEMBER, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਮਨਜਿੰਦਰ ਸਿੰਘ ਸਿਰਸਾ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਛੱਡਕੇ ਭਾਜਪਾ ਵਿਚ ਸ਼ਾਮਿਲ



ਨਵੀਂ ਦਿੱਲੀ- ਦੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਛੱਡਣ ਦੇ ਐਲਾਨ ਤੋਂ ਕੁਝ ਮਿੰਟਾਂ ਬਾਅਦ ਹੀ ਮਨਜਿੰਦਰ ਸਿੰਘ ਸਿਰਸਾ ਅੱਜ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਭਾਜਪਾ ਨੇ ਉਨ੍ਹਾਂ ਦੇ ਪਾਰਟੀ ਵਿਚ ਸ਼ਾਮਲ ਹੋਣ ਦਾ ਵੀਡੀਓ ਟਵੀਟ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਬੁੱਧਵਾਰ ਨੂੰ ਕੌਂਦਰੀ (ਬਾਕੀ ਸਫ਼ਾ 10 'ਤੇ)

# ਕਿਸਾਨ ਯੂਨੀਅਨਾਂ ਵਲੋਂ ਐਮ.ਐਸ.ਪੀ. ਗਾਰੰਟੀ ਤੇ ਹੋਰ ਮਸਲਿਆਂ ਤੇ ਕੇਂਦਰ ਨਾਲ ਗੱਲਬਾਤ ਲਈ ਪੰਜ ਪ੍ਰਤੀਨਿਧਾਂ ਦੇ ਨਾਵਾਂ ਬਾਰੇ ਫੈਸਲਾ



ਨਵੀਂ ਦਿੱਲੀ-ਕਿਸਾਨ ਯੂਨੀਅਨਾਂ ਨੇ ਐੱਮਐੱਸਪੀ 'ਤੇ ਖਰੀਦ ਤੇ ਕਿਸਾਨਾਂ ਨਾਲ ਜੁੜੇ ਹੋਰਨਾਂ ਮਸਲਿਆਂ ਬਾਰੇ ਫੈਸਲਾ ਲੈਣ ਲਈ ਸਰਕਾਰ ਵੱਲੋਂ ਬਣਾਈ ਜਾਣ ਵਾਲੀ ਸਾਂਝੀ ਕਮੇਟੀ ਵਿੱਚ ਦਿੱਤੇ ਜਾਣ ਵਾਲੇ ਪੰਜ ਨਾਵਾਂ ਬਾਰੇ ਫੈਸਲਾ ਕਰ ਲਿਆ ਹੈ। ਪੰਜਾਬ ਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਦੀ ਕਿਸਾਨ ਅੰਦੋਲਨ ਦੇ ਤਾਜ਼ਾ ਹਾਲਾਤ ਨੂੰ ਲੈ ਕੇ ਅੱਜ ਸਿੰਘੂ ਵਿਖੇ ਮੀਟਿੰਗ ਹੋਈ, ਜਿਸ ਵਿੱਚ ਕਿਸਾਨ ਆਗੂਆਂ ਦੇ ਨਾਂ ਤੈਅ ਕੀਤੇ ਗਏ। ਉਂਜ ਕਿਸਾਨ ਯੂਨੀਅਨਾਂ ਨੇ ਸਪਸ਼ਟ ਕਰ ਦਿੱਤਾ ਜਦੋਂ ਤੱਕ ਕੇਂਦਰ ਸਰਕਾਰ ਕਿਸਾਨਾਂ ਦੀਆਂ ਬਕਾਇਆ ਮੰਗਾਂ ਪੂਰੀਆਂ ਨਹੀਂ ਕਰਦੀ, ਉੱਦੋਂ ਤੱਕ ਅੰਦੋਲਨ ਜਾਰੀ ਰਹੇਗਾ ਤੇ ਕਿਸਾਨ ਮੋਰਚੇ ਨਹੀਂ ਛੱਡਣਗੇ। ਯੂਨੀਅਨਾਂ ਨੇ ਮੰਚਾਂ ਤੋਂ ਕਿਸਾਨਾਂ ਨੂੰ ਮੋਰਚੇ ਨਾ ਛੱਡਣ ਦੀ ਅਪੀਲ ਵੀ ਕੀਤੀ ਹੈ। ਕਿਸਾਨ ਯੂਨੀਅਨਾਂ ਨੇ ਭਾਵੇਂ ਨਾਂ ਨਸ਼ਰ ਨਹੀਂ ਕੀਤੇ, ਪਰ ਸੂਤਰਾਂ ਦੀ ਮੰਨੀਏ ਤਾਂ ਇਨ੍ਹਾਂ ਵਿੱਚ ਦੋ-ਦੋ ਕਿਸਾਨ ਆਗੂ ਪੰਜਾਬ ਤੇ ਹਰਿਆਣਾ ਅਤੇ ਇਕ ਕਿਸਾਨ ਆਗੂ ਰਾਜਸਥਾਨ ਨਾਲ ਸਬੰਧਤ ਹੈ। ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ (ਬਾਕੀ ਸਫ਼ਾ 10 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

## ਮੁੱਖ ਮੰਤਰੀ ਚੰਨੀ ਵੱਲੋਂ 72 ਦਿਨਾਂ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ ਪੇਸ਼



ਚੰਡੀਗੜ੍ਹ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੀ ਸਰਕਾਰ ਦੀ 72 ਦਿਨਾਂ ਦੀ ਕਾਰਗੁਜ਼ਾਰੀ ਦਿਖਾਉਣ ਲਈ ਤੱਥਾਂ ਤੇ ਸਬੂਤਾਂ ਸਮੇਤ 60 ਅਹਿਮ ਫੈਸਲਿਆਂ ਵਾਲਾ ਰਿਪੋਰਟ ਕਾਰਡ ਪੇਸ਼ ਕੀਤਾ ਹੈ। ਵਿਰੋਧੀ ਧਿਰਾਂ ਦੇ ਸਿਆਸੀ ਪ੍ਰਚਾਰ ਦੇ ਟਾਕਰੇ ਲਈ ਜਾਰੀ ਰਿਪੋਰਟ ਕਾਰਡ 'ਚ ਚੰਨੀ ਨੇ ਪਹਿਲਾਂ ਹਰ ਫੈਸਲੇ ਤੋਂ ਜਾਣੂ ਕਰਾਇਆ ਤੇ ਮਗਰੋਂ ਹਰ ਫੈਸਲਾ ਲਾਗੂ ਕਰਨ ਦੇ ਪੱਤਰ/ਨੋਟੀਫਿਕੇਸ਼ਨ ਵੀ ਦਿਖਾਏ। (ਬਾਕੀ ਸਫ਼ਾ 10 'ਤੇ)

## ਕਿਸਾਨ ਮੋਰਚੇ ਨੂੰ ਰਹਿੰਦੀਆਂ ਮੰਗਾਂ ਪ੍ਰਤੀ ਕੇਂਦਰ ਦੇ ਹਾਂ ਪੱਖੀ ਹੁੰਗਾਰੇ ਦੀ ਉਮੀਦ

ਨਵੀਂ ਦਿੱਲੀ, (ਮਨਧੀਰ ਸਿੰਘ ਦਿਓਲ)-ਕੇਂਦਰ ਸਰਕਾਰ 'ਤੇ ਕਿਸਾਨਾਂ ਨੂੰ ਦਿੱਲੀ ਦੇ ਮੋਰਚਿਆਂ ਵਿੱਚ ਡਟੇ ਰਹਿਣ ਲਈ ਮਜਬੂਰ ਕਰਨ ਦਾ ਦੋਸ਼ ਲਾਉਂਦੇ ਹੋਏ ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕਿਸਾਨ ਕੇਂਦਰ ਸਰਕਾਰ ਤੋਂ ਆਪਣੀਆਂ ਬਾਕੀ ਰਹਿੰਦੀਆਂ ਮੰਗਾਂ ਪ੍ਰਤੀ ਹਾਂ-ਪੱਖੀ ਉਡੀਕ ਕਰ ਰਹੇ ਹਨ। ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੇ 371ਵੇਂ ਦਿਨ ਮੋਰਚੇ ਨੇ ਕਿਹਾ ਕਿ ਭਾਰਤ ਦੇ ਰਾਸ਼ਟਰਪਤੀ (ਬਾਕੀ ਸਫ਼ਾ 10 'ਤੇ)

## ਰਾਸ਼ਟਰਪਤੀ ਵੱਲੋਂ ਤਿੰਨ ਖੇਤੀ ਕਨੂੰਨ ਰੱਦ ਕਰਨ ਦੇ ਫੈਸਲੇ ਤੇ ਮੋਹਰ

ਨਵੀਂ ਦਿੱਲੀ-ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੇ ਦਿੱਲੀ ਦੀਆਂ ਸਰਹੱਦਾਂ ਉੱਤੇ ਪੂਰਾ ਇਕ ਸਾਲ ਅੰਦੋਲਨ ਕੀਤਾ ਹੈ। ਇਹ ਤਿੰਨੋਂ ਕਾਨੂੰਨਾਂ ਨੂੰ ਰੱਦ ਕਰਨ ਲਈ ਬੀਤੀ 29 ਨਵੰਬਰ ਨੂੰ ਲੋਕ ਸਭਾ ਤੇ ਰਾਜ ਸਭਾ ਨੇ ਪ੍ਰਵਾਨਗੀ ਦੇ ਦਿੱਤੀ ਸੀ। ਹੁਣ ਰਾਸ਼ਟਰਪਤੀ ਵੱਲੋਂ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਸਹਿਮਤੀ ਜਤਾਉਣ ਉੱਤੇ ਇਹ ਕਾਨੂੰਨ ਇਤਿਹਾਸ ਦੇ ਪੰਨਿਆਂ ਵਿੱਚ ਸਮਾ ਗਏ ਹਨ।

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca





# ਮਹਿਫਿਲ-ਏ-ਮਿਲਨੀ ਮਾਲੇਰਕੋਟਲਾ 'ਚ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਸਰੀ-ਬੀ.ਸੀ. ਕੈਨੇਡਾ ਵਿਖੇ ਪੰਜਾਬ ਦੀ ਰਿਆਸਤ ਤੇ ਹੁਣ ਪੰਜਾਬ ਦਾ 23ਵਾਂ ਨਵਾਂ ਜਿਲਾ ਬਣੇ ਮਾਲੇਰਕੋਟਲਾ ਤੇ ਉਸ ਦੇ ਗੌਰਮਿੰਟ ਕਾਲਜ ਦੇ ਸਾਬਕਾ ਵਿਦਿਆਰਥੀਆਂ ਅਤੇ ਜਿਲਾ ਮਾਲੇਰਕੋਟਲਾ ਦੇ ਰਹਾਇਸ਼ੀਆਂ ਨੇ 'ਮਹਿਫਿਲ-ਏ-ਮਿਲਨੀ 2021, ਜ਼ਿਲ੍ਹਾ ਮਾਲੇਰਕੋਟਲਾ' ਦਾ ਇੰਤਜਾਮ ਗਰੈਂਡ ਤਾਜ ਬੈਂਕੁੰਟ ਹਾਲ ਵਿਚ ਕੀਤਾ। ਸਰੀ ਦੇ ਮੈਂਬਰ ਪਾਰਲੀਮੈਂਟ ਮਾਨਯੋਗ ਸੁੱਖ ਧਾਲੀਵਾਲ ਮੁੱਖ ਮਹਿਮਾਨ ਵਜੋ ਸ਼ਾਮਲ ਹੋਏ। ਪ੍ਰਬੰਧਕਾਂ ਵਿਚ ਸਿਮਰ ਮਾਨ-ਪਿੰਡ ਮਾਨਾਂ, ਗੁਰਵਿੰਦਰ ਗਿਲ-ਪਿੰਡ ਮਦਨੀਪੁਰ, ਅੱਕਬਰ ਦਿਉਲ-ਪਿੰਡ ਨਾਰੋਮਾਜਰਾ, ਤੇਜਿੰਦਰ ਸਿੰਘ (ਗੋਲੂ) ਚਾਹਲ-ਪਿੰਡ ਹੁਸੈਨਪੁਰ, ਸਿਆਸਤ ਚੀਮਾ-ਸ਼ਹਿਰ ਮਾਲੇਰਕੋਟਲਾ, ਜਸਬੀਰ (ਜੱਗਾ) ਬਾਗੜੀ-ਪਿੰਡ ਭੇਣੀ ਸਨਗ ਇਲਾਕਾ ਮਾਲੇਰਕੋਟਲਾ ਦੇ ਪਿੰਡਾਂ ਵਿਚੋ ਸਰੀ-ਕਨੇਡਾ ਦੇ ਰਹਿਣ ਵਾਲੇ ਅਜੈਪਾਲ ਸਿੰਘ-ਆਹਾ ਪਲੰਬਿੰਗ-ਪਿੰਡ ਖਾਨਪੁਰ, ਰਾਮ ਸਿੰਘ, ਰਾਣਾ ਸੰਧੂ-ਪਿੰਡ ਬੱਧਰਾਵਾਂ, ਗਿਲ ਬਰਜੇ-ਗਿਲ ਡਰਾਫਟਿੰਗ ਕੰਪਨੀ, ਸਰਪੰਚ ਅਵਤਾਰ ਸਿੰਘ ਮਾਨ-ਪਿੰਡ ਮਾਨਾਂ, ਕੰਵਲਜੀਤ ਸਿੰਘ-ਪਾਪਾ ਪਲੰਬਿੰਗ-ਮਾਲੇਰਕੋਟਲਾ, ਪ੍ਰੋ: ਮੁਖਤਿਆਰ ਸਿੰਘ, ਹਰਿੰਦਰ ਸਿੰਘ ਸੋਹੀ-ਪਿੰਡ ਸੋਹੀਆਂ, ਹਰਭਜਨ ਸਿੰਘ, ਗੁਰਪਿੰਦਰ ਸਿੰਘ ਬੈਨੀਪਾਲ-ਰਿਆਲਟਰ ਪਿੰਡ ਸੰਦੌੜ, ਬਲਦੇਵ ਸਿੰਘ-ਪਿੰਡ ਮਾਮਗੜ੍ਹ, ਸ਼ਮਨਦੀਪ ਸਿੰਘ ਚਾਹਲ-ਪਿੰਡ ਹੁਸੈਨਪੁਰ ਆਦਿ ਨੇ ਵੀ ਮਹਿਫਿਲ-ਏ-ਮਿਲਨੀ ਦੀ ਰੌਣਕ ਵਿਚ ਵਾਧਾ ਕੀਤਾ। ਹਾਲ ਵਿਚ ਦਾਖਲੇ ਸਮੇ ਕੋਵਿਡ ਦਾ ਟੀਕਾ ਜਰੂਰੀ ਸੀ। ਐਬਸਟਫੋਰਡ ਤੋ ਰਿਆਲਟਰ ਪ੍ਰੋ: ਗੁਰਵਿੰਦਰ ਸਿੰਘ ਧਾਲੀਵਾਲ ਨੇ ਸਟੇਜ ਦੀ ਕਾਰਵਾਈ ਨਿਭਾਈਗ ਸਰੀ ਦੇ ਨੌਜਵਾਨ ਵਕੀਲ ਲਵਲੀਨ ਸਿੰਘ ਗਿਲ, ਪਿੰਡ ਮਾਂਗੇਵਾਲ ਨੇ ਮਾਲੇਰਕੋਟਲਾ ਦੇ ਇਤਿਹਾਸ ਬਾਰੇ ਖੋਜ ਭਰਪੂਰ ਜਾਣਕਾਰੀ ਆਏ ਹੋਏ ਮਹਿਮਾਨਾਂ ਨਾਲ ਸਾਂਝੀ ਕੀਤੀਗ ਗੌਰਮਿੰਟ ਕਾਲਜ ਮਾਲੇਰਕੋਟਲਾ ਦੇ ਸਾਬਕਾ ਖਿਡਾਰੀ ਅਤੇ ਹੁਣ ਪਤਰਕਾਰ ਤੇ ਖੇਡ ਫੋਟੋਗਰਾਫਰ ਸੰਤੋਖ ਸਿੰਘ ਮੰਡੇਰ ਨੇ ਮਾਲੇਰਕੋਟਲੇ ਦੇ ਪੁਰਾਤਨ ਇਤਿਹਾਸ ਦੀ ਜਾਣਕਾਰੀ ਬਾਰੇ ਪੰਜਾਬੀ ਵਿਚ ਲੀਫਲੈਟ "ਰਿਆਸਤ-ਏ-ਮਾਲੇਰਕੋਟਲਾ" ਮਹਿਮਾਨਾਂ ਵਿਚ ਵੰਡਿਆਗ ਰਾਮਪੁਰਾ ਫੂਲ ਜਿਲਾ ਬਠਿੰਡਾ ਦੇ ਨਾਮੀ ਕਵਾਲ "ਮੱਘਰ ਅਲੀ ਕਵਾਲ-ਪਾਰਟੀ" ਨੇ ਮਹਿਫਿਲ-ਏ-ਮਿਲਨੀ ਦੀ ਸ਼ਾਮ ਨੂੰ ਸੰਗੀਤ ਨਾਲ ਮਹਿਕਣ ਲਾ ਦਿਤਾਗ ਕਿਸਾਨ ਮਜਦੂਰ ਏਕਤਾ ਜਿੰਦਾਬਾਦ ਦਾ ਨਾਹਰਾ ਮਹਿਫਿਲ ਵਿਚ ਉਚਾ ਰਿਹਾਗ ਗਰੈਂਡ ਤਾਜ ਬੈਕੰਟ ਹਾਲ ਦੇ ਸਵਾਦਿਸ਼ਟ ਖਾਣੇ ਨਲ "ਮਹਿਫਿਲ-ਏ-ਮਿਲਣੀ" ਮਾਲੇਰਕੋਟਲਾ ਦੀ ਸਮਾਪਤੀ ਹੋ ਗਈ।

## ਬੀ.ਸੀ. 'ਚ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਹਾਲਾਤ ਮੰਗਲਵਾਰ ਤੱਕ ਆਮ ਵਾਂਗ ਹੋਣ ਦੀ ਸੰਭਾਵਨਾ-ਜਗਰੂਪ ਬਰਾੜ




ਸਰੀ (ਹਰਦਮ ਮਾਨ)-ਬੀ. ਸੀ. ਵਿਚ ਮੌਸਮ ਬਾਰੇ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਖੇਤਰਾਂ ਦੀ ਤਾਜ਼ਾ ਸਥਿਤੀ ਬਾਰੇ ਵਿਸ਼ੇਸ਼ ਜਾਣਕਾਰੀ ਸਾਂਝੀ ਕਰਦਿਆਂ ਸਰੀ ਫਲੀਟਵੁੱਡ ਦੇ ਐਮ ਐਲ ਏ। ਜਗਰੂਪ ਸਿੰਘ ਬਰਾੜ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਭਾਰੀ ਮੀਂਹ ਪੈਣ ਦਾ ਕੋਈ ਖ਼ਦਸ਼ਾ ਨਹੀਂ, ਸਮੁੰਦਰ ਦੇ ਲਾਗਲੇ ਇਲਾਕਿਆਂ ਵਿਚ ਪਾਣੀ ਦਾ ਪੱਧਰ ਹੇਠਾਂ ਆ ਰਿਹਾ ਹੈ, ਹੜ੍ਹਾਂ ਤੋਂ ਪ੍ਰਭਾਵਿਤ ਖੇਤਰਾਂ ਦੀ ਸਥਿਤੀ ਵਿਚ ਸੁਧਾਰ ਹੋ ਰਿਹਾ ਹੈ ਅਤੇ ਆਉਂਦੇ ਮੰਗਲਵਾਰ ਤੱਕ ਹਾਲਾਤ ਆਮ ਵਾਂਗ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਾਈਵੇਅ 1 ਨੂੰ ਐਬਟਸਫੋਰਡ ਅਤੇ ਚਿਲਿਵੈਕ ਦਰਮਿਆਨ ਖੋਲ੍ਹ ਦਿੱਤਾ ਗਿਆ ਹੈ ਅਤੇ ਹੁਣ ਵੈਨਕੂਵਰ ਤੋਂ ਹੋਪ ਤੱਕ ਹਾਈਵੇਅ 1 ਉਪਰ ਟ੍ਰੈਫਿਕ ਚੱਲ ਸਕਦਾ ਹੈ। ਹਾਈਵੇਅ 1 ਨੂੰ ਪੌਪਕਮ ਅਤੇ ਹੋਪ ਵਿਚਾਲੇ ਵੀ ਖੋਲ੍ਹ ਦਿੱਤਾ ਗਿਆ ਹੈ। ਉਨ੍ਹਾਂ ਸਿਰਫ ਜ਼ਰੂਰੀ ਕਾਰਜਾਂ ਲਈ ਹੀ ਸਫਰ ਦੀ ਅਪੀਲ ਕੀਤੀ ਅਤੇ ਸਫਰ ਕਰਨ ਤੋਂ ਪਹਿਲਾਂ ਡਰਾਈਵ ਬੀ ਸੀ। ਤੇ ਜਾ ਕੇ ਤਾਜ਼ਾ ਜਾਣਕਾਰੀ ਹਾਸਲ ਕਰਨ ਲਈ ਕਿਹਾ। ਸ: ਬਰਾੜ ਨੇ ਕਿਹਾ ਕਿ ਹੜ੍ਹਾਂ ਕਾਰਨ ਜਿਹੜੇ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੋਈ ਹੈ, ਉਹ ਸਹਾਇਤਾ ਹਾਸਲ ਕਰਨ ਲਈ ਸੰਪਰਕ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਬੀ ਸੀ। ਦੇ ਖੇਤੀਬਾੜੀ ਮੰਤਰੀ ਲਾਨਾ ਪੌਪਹਮ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਵਾਉਣ ਲਈ ਐਗਰੀਕਲਚਰ ਰਿਕਵਰੀ ਐਕਟ ਬਾਰੇ ਕਿਸਾਨਾਂ ਨਾਲ ਗੱਲਬਾਤ ਕਰ ਰਹੇ ਹਨ ਅਤੇ ਬੀ ਸੀ। ਸਰਕਾਰ ਹੜ੍ਹ ਪੀੜਤਾਂ ਦੀ ਹਰ ਪੱਖੋਂ ਮਦਦ ਕੀਤੀ ਜਾਵੇਗੀ।

## ਬੀ.ਸੀ. ਵਿਚ ਆਏ ਹੜ੍ਹਾਂ ਦੌਰਾਨ 640,000 ਤੋਂ ਵੱਧ ਪਸ਼ੂਆਂ ਦੀ ਮੌਤ



ਸਰੀ (ਹਰਦਮ ਮਾਨ)-ਬੀ. ਸੀ. ਵਿਚ ਪਿਛਲੇ ਦਿਨਾਂ ਵਿਚ ਆਏ ਹੜ੍ਹਾਂ ਦੌਰਾਨ 640,000 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਗਈ ਹੈ। ਇਹ ਪ੍ਰਗਟਾਵਾ ਕਰਦਿਆਂ ਬੀ ਸੀ। ਦੇ ਖੇਤੀਬਾੜੀ ਮੰਤਰੀ ਲਾਨਾ ਪੌਪਹਮ ਨੇ ਦੱਸਿਆ ਹੈ ਕਿ ਇਨ੍ਹਾਂ ਮਰਨ ਵਾਲੇ ਪਸ਼ੂਆਂ ਵਿਚ 628,000 ਪੋਲਟਰੀ ਜਾਨਵਰ, 12,000 ਸੂਰ ਅਤੇ 420 ਗਊਆਂ ਸ਼ਾਮਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮਰਨ ਵਾਲੇ ਪਸ਼ੂਆਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਅੰਕੜੇ ਸਾਹਮਣੇ ਆ ਸਕਦੇ ਹਨ। ਉਨ੍ਹਾਂ ਪਸ਼ੂਆਂ ਦੇ ਜਾਨੀ ਨੁਕਸਾਨ ਤੇ ਦੁੱਖ ਪ੍ਰਗਟ ਕਰਦਿਆਂ ਪ੍ਰਭਾਵਿਤ ਪਸ਼ੂ ਪਾਲਕਾਂ ਨਾਲ ਹਮਦਰਦੀ ਜ਼ਾਹਰ ਕੀਤੀ ਅਤੇ ਕਿਹਾ ਕਿ ਪ੍ਰਭਾਵਿਤ ਕਿਸਾਨਾ ਅਤੇ ਪਸ਼ੂ ਪਾਲਕਾਂ ਦੀ ਮਦਦ ਲਈ ਬੀ ਸੀ। ਸਰਕਾਰ, ਐਗਰੀਕਲਚਰ ਕਾਉਂਸਿਲ ਨਾਲ ਮਿਲ ਕੇ ਕੰਮ ਕਰ ਰਹੀ ਹੈ। ਹਾਲੇ ਵੀ ਸੂਬੇ ਦੇ 800 ਤੋਂ ਜ਼ਿਆਦਾ ਫਾਰਮ ਇਵੈਕੂਏਸ਼ਨ ਆਰਡਰ 'ਤੇ ਰੱਖੇ ਗਏ ਹਨ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
Raj Gill has "NO STRESS MORTGAGE"


RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.
SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB ACCREDITED BUSINESS

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any
Insurance Lien & Accident Search Available

# ਕੇਜਰੀਵਾਲ ਵੱਲੋਂ ਪਠਾਨਕੋਟ ਵਿਚ ਵਿਸ਼ਾਲ ਤਿਰੰਗਾ ਯਾਤਰਾ

## • ਪੰਜਾਬ ਦੇ ਵੋਟਰਾਂ ਨਾਲ ਵਾਅਦਿਆਂ ਦੀ ਝੜੀ

ਪਠਾਨਕੋਟ-ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੇ ਵਿਸ਼ਾਲ 'ਤਿਰੰਗਾ ਯਾਤਰਾ' ਕੱਢ ਕੇ ਮਾਝੇ ਅੰਦਰ ਆਪਣੀ ਚੋਣ ਮੁਹਿੰਮ ਨੂੰ ਹੋਰ ਭਖਾ ਦਿੱਤਾ ਹੈ। ਕੇਜਰੀਵਾਲ ਨੇ ਲੋਕਾਂ ਦੀ ਨਬਜ਼ ਨੂੰ ਪਛਾਣਦੇ ਹੋਏ ਸਰਹੱਦੀ ਜ਼ਿਲ੍ਹੇ ਤੋਂ ਦੇਸ਼ਭਗਤੀ ਦੀ ਭਾਵਨਾ ਪੈਦਾ ਕਰਨ ਦਾ ਰਾਹ ਚੁਣਿਆ। ਗੁਰਦਾਸਪੁਰ ਰੋਡ 'ਤੇ ਯੂਨਾਈਟ ਹੋਟਲ ਤੋਂ ਸ਼ੁਰੂ ਹੋਈ ਯਾਤਰਾ ਦੌਰਾਨ ਤਿਰੰਗੇ ਝੰਡਿਆਂ ਦਾ ਹੜ੍ਹ ਆਇਆ ਹੋਇਆ ਸੀ। ਪੂਰਾ ਮਾਰਗ ਦੇਸ਼ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਸੀ ਅਤੇ ਸਟੇਜ ਕੋਲ 'ਮੇਰਾ ਰੰਗ ਦੇ ਬਸੰਤੀ ਚੋਲਾ ਨੀ ਮਾਏ ਮੇਰਾ ..' ਗੀਤ ਚੱਲ ਰਿਹਾ ਸੀ। ਸਟੇਜ ਉਪਰ ਵੀ ਪਠਾਨਕੋਟ ਦੇ ਸ਼ਹੀਦ ਲੈਫਟੀਨੈਂਟ ਤ੍ਰਿਵੇਨੀ ਸਿੰਘ ਦਾ ਚਿੱਤਰ ਲੱਗਾ ਹੋਇਆ ਸੀ ਜਿਥੇ ਅਰਵਿੰਦ ਕੇਜਰੀਵਾਲ ਨੇ ਆਉਂਦੇ ਸਾਰ ਹੀ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਸ਼ਹੀਦ ਦੇ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ। ਤਿਰੰਗਾ ਯਾਤਰਾ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੀ ਇਹ ਸਰਜ਼ਮੀਨ ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਪਣੇ ਨਿਸ਼ਾਨੇ ਉਪਰ ਲਿਆ ਅਤੇ ਕਈ ਤਿੱਖੇ ਵਿਅੰਗ ਕੀਤੇ। ਉਨ੍ਹਾਂ ਅੱਜ ਚੌਥੀ ਗਾਰੰਟੀ ਦਿੰਦਿਆਂ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ 'ਤੇ ਪੰਜਾਬ ਅੰਦਰ ਪੈਦਾ ਹੋਣ ਵਾਲੇ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜੇਕਰ ਪੰਜਾਬ ਦਾ ਕੋਈ ਵੀ ਸੈਨਿਕ ਸਰਹੱਦਾਂ ਦੀ ਰਾਖੀ ਕਰਦਿਆਂ ਜਾਂ ਜਾਂ ਪੁਲੀਸ ਦਾ ਕੋਈ ਮੁਲਾਜ਼ਮ ਕਿਸੇ ਕਾਰਵਾਈ ਦੌਰਾਨ ਸ਼ਹੀਦ ਹੋ ਜਾਂਦਾ ਹੈ ਤਾਂ ਉਸ ਦੇ ਵਾਰਸਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਇਕ ਕਰੋੜ ਰੁਪਏ ਸਹਾਇਤਾ ਵਜੋਂ ਦੇਵੇਗੀ। ਸਿੱਖਿਆ ਬਾਰੇ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਨੂੰ ਦਿੱਲੀ ਦੀ ਤਰਜ਼ 'ਤੇ ਸਿੱਖਿਆ ਦੀ ਧਰਤੀ ਬਣਾਇਆ ਜਾਵੇਗਾ ਅਤੇ ਬਾਹਰਲੇ ਦੇਸ਼ਾਂ ਅਮਰੀਕਾ, ਕੈਨੇਡਾ ਅਤੇ ਲੰਡਨ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਇਥੋਂ ਦੇ ਸਰਕਾਰੀ ਸਕੂਲਾਂ ਨੂੰ ਵੇਖਣ ਲਈ ਆਇਆ ਕਰਨਗੇ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਬਹੁਤ ਬੁਰਾ ਹਾਲ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਉਣ 'ਤੇ ਜਿਵੇਂ ਦਿੱਲੀ ਵਿੱਚ ਸਕੂਲਾਂ ਉਪਰ ਬਜਟ ਦਾ 25 ਪ੍ਰਤੀਸ਼ਤ ਖ਼ਰਚ ਕੀਤਾ ਜਾ ਰਿਹਾ ਹੈ, ਉਸੇ ਤਰ੍ਹਾਂ ਪੰਜਾਬ ਦੇ ਸਕੂਲਾਂ ਦੀਆਂ ਇਮਾਰਤਾਂ ਨਵੀਆਂ ਬਣਾਈਆਂ ਜਾਣਗੀਆਂ, ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਜਾਵੇਗਾ ਅਤੇ ਅਧਿਆਪਕਾਂ ਨੂੰ ਪੱਕਾ ਕਰਦਿਆਂ ਉਨ੍ਹਾਂ ਦੇ ਸਾਰੇ ਮਸਲੇ ਹੱਲ ਕੀਤੇ ਜਾਣਗੇ। ਇਸ ਮੌਕੇ ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਅਤੇ ਕੌਮੀ ਬੁਲਾਰੇ ਰਾਘਵ ਚੱਢਾ, ਕੁੰਵਰ ਵਿਜੈ ਪ੍ਰਤਾਪ ਸਿੰਘ, ਪਠਾਨਕੋਟ ਦੇ ਹਲਕਾ ਇੰਚਾਰਜ ਵਿਭੂਤੀ ਸ਼ਰਮਾ, ਭੋਆ ਤੋਂ ਹਲਕਾ ਇੰਚਾਰਜ ਲਾਲ ਚੰਦ ਕਟਾਰੂਚੱਕ, ਗੁਰਦਾਸਪੁਰ ਦੇ ਰਮਨ ਬਹਿਲ, ਜ਼ਿਲ੍ਹਾ ਪ੍ਰਧਾਨ ਕੈਪਟਨ ਸੁਨੀਲ, ਡਾ. ਅਨਿਲ ਭਾਰਦਵਾਜ, ਪੁਨੀਤ ਓਹਰੀ, ਸੌਰਭ ਬਹਿਲ, ਰਮੇਸ਼ ਟੋਲਾ, ਟੀਨਾ ਚੌਧਰੀ ਆਦਿ ਹਾਜ਼ਰ ਸਨ।



## ਕੈਨੇਡਾ ਦੇ ਜੰਗਲੀ ਜੀਵਾਂ ਵਿਚ ਕੋਵਿਡ-19 ਦੇ ਮਿਲੇ ਪਹਿਲੇ ਮਾਮਲੇ

ਓਟਵਾ-ਕੈਨੇਡਾ ਦੇ ਜੰਗਲੀ ਜੀਵਨ ਵਿਚ ਕੋਵਿਡ-19 ਦੇ ਪਹਿਲੇ ਮਾਮਲੇ ਚਿੱਟੀ ਪੂਛ ਵਾਲੇ ਤਿੰਨ ਹਿਰਨਾਂ ਵਿਚੋਂ ਮਿਲੇ ਹਨ। ਫੌਰਨ ਐਨੀਮਲ ਡਿਸੀਜ਼ ਬਾਰੇ ਕੌਮੀ ਸੈਂਟਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 29 ਨਵੰਬਰ ਨੂੰ ਮਾਮਲੇ ਮਿਲੇ ਹਨ ਪਰ ਹਿਰਨਾਂ ਦੇ ਨਮੂਨੇ ਕਿਊਬਕ ਦੇ ਈਸਟਾਇਰ ਰੀਜਨ ਵਿਚ 6 ਤੋਂ 8 ਨਵੰਬਰ ਵਿਚਕਾਰ ਲਏ ਗਏ ਸਨ। ਹਿਰਨਾਂ ਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਸਨ ਦਿਖਾਈ ਦਿੰਦੇ ਅਤੇ ਉਹ ਸਪਸ਼ਟ ਰੂਪ ਵਿਚ ਤੰਦਰੁਸਤ ਸਨ। ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਕੈਨੇਡਾ ਵਿਚ ਜੰਗਲੀ ਜੀਵਨ ਵਿਚ ਸਾਰਸ-ਕੋਵ-2 ਦਾ ਪਹਿਲੀ ਵਾਰ ਪਤਾ ਲੱਗਾ ਹੈ ਅਤੇ ਮੌਜੂਦਾ ਸਮੇਂ ਜੰਗਲੀ ਹਿਰਨਾਂ ਵਿਚ ਵਾਇਰਸ ਦੇ ਫੈਲਣ ਅਤੇ ਇਸ ਦੇ ਅਸਰ ਬਾਰੇ ਜਾਣਕਾਰੀ ਸੀਮਤ ਹੈ। ਇਹ ਖੋਜ ਸਾਰਸ-ਕੋਵ-2 ਦੇ ਮਾਨਵੀ-ਜਾਨਵਰ ਇੰਟਰਫੇਸ 'ਤੇ ਸਾਰਸ-ਕੋਵ-2 ਬਾਰੇ ਸਾਡੀ ਸਮਝ ਨੂੰ ਵਧਾਉਣ ਲਈ ਜੰਗਲੀ ਜੀਵਨ ਵਿਚ ਸਾਰਸ-ਕੋਵ-2 ਦੀ ਚਲ ਰਹੀ ਨਿਗਰਾਨੀ ਦੇ ਮਹੱਤਵ 'ਤੇ ਜ਼ੋਰ ਦਿੰਦੀ ਹੈ। ਵਰਲਡ ਆਰਗਨਾਈਜ਼ੇਸ਼ਨ ਫਾਰ ਐਨੀਮਲ ਹੈਲਥ ਨੇ ਇਕ ਦਸੰਬਰ ਨੂੰ ਖੋਜ ਬਾਰੇ ਜਾਣਕਾਰੀ ਦਿੱਤੀ ਸੀ। ਵਿਭਾਗ ਹਿਰਨਾਂ ਤੇ ਸਾਹ ਵਾਲੇ ਟਿਸ਼ੂਆਂ ਅਤੇ ਤਰਲ ਦੇ ਸੰਪਰਕ ਵਿਚ ਆਉਣ ਸਮੇਂ ਚੰਗੀ ਤਰ੍ਹਾਂ ਫਿਟ ਮਾਸਕ ਪਹਿਨਣ ਵਰਗੇ ਵਧੇਰੇ ਸਾਵਧਾਨੀ ਦੀ ਅਪੀਲ ਕਰ ਰਿਹਾ ਹੈ।

## ਕੈਨੇਡਾ ਸਰਕਾਰ ਤੇ ਫ਼ੌਜ 13 ਦਸੰਬਰ ਨੂੰ ਜਿਣਸੀ ਦੁਰਵਿਵਹਾਰ ਲਈ ਜਾਰੀ ਕਰਨਗੇ ਸਾਂਝੀ ਮੁਆਫੀ

ਓਟਵਾ-ਰੱਖਿਆ ਮੰਤਰੀ ਅਨੀਤਾ ਅਨੰਦ, ਡਿਪਟੀ ਮੰਤਰੀ ਜੋਡੀ ਥਾਮਸ ਅਤੇ ਚੀਫ਼ ਆਫ ਡਿਫੈਂਸ ਸਟਾਫ ਜਨਰਲ ਵੇਨ ਆਇਰ 13 ਦਸੰਬਰ ਨੂੰ ਸੈਨਿਕ ਜਿਣਸੀ ਦੁਰਵਿਵਹਾਰ ਦੇ ਪੀੜਤਾਂ ਲਈ ਰਸਮੀ ਮੁਆਫੀ ਜਾਰੀ ਕਰਨਗੇ। ਸੋਮਵਾਰ ਸ਼ਾਮ ਨੂੰ ਜਾਰੀ ਪ੍ਰੈਸ ਰਿਲੀਜ਼ ਕਹਿੰਦੀ ਹੈ ਕਿ ਮੁਆਫੀ ਵਰਚੂਅਲ ਤਰੀਕੇ ਨਾਲ ਦੁਪਹਿਰ 1 ਵਜੇ ਜਾਰੀ ਕੀਤੀ ਜਾਵੇਗੀ ਅਤੇ ਇਸ ਨੂੰ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਫੇਸਬੁੱਕ ਪੇਜ 'ਤੇ ਲਾਈਵ ਸਟਰੀਮ ਕੀਤਾ ਜਾਵੇਗਾ। ਰਿਲੀਜ਼ ਕਹਿੰਦੀ ਹੈ ਕਿ ਪੀੜਤਾਂ ਨਾਲ ਰਿਸ਼ਤਿਆਂ ਨੂੰ ਬਹਾਲ ਕਰਨ ਦੇ ਸਾਡੇ ਯਤਨਾਂ ਦੇ ਹਿੱਸੇ ਵਜੋਂ ਅਸੀਂ ਰੱਖਿਆ ਟੀਮ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਲਈ ਜਨਤਕ ਮੁਆਫੀ ਦੀ ਪੇਸ਼ਕਸ਼ ਕਰਾਂਗੇ ਜਿਹੜੇ ਪ੍ਰੇਸ਼ਾਨ ਕਰਨ ਅਤੇ ਵਿਤਕਰੇ ਸਮੇਤ ਜਿਣਸੀ ਹਮਲਿਆਂ ਅਤੇ ਜਿਣਸੀ ਦੁਰਵਿਵਹਾਰ ਨਾਲ ਪ੍ਰਭਾਵਤ ਹੋਏ ਹਨ। ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨੇ ਇਕ ਸਾਲ ਪਹਿਲਾਂ ਪੀੜਤਾਂ ਤੋਂ ਮੁਆਫੀ ਮੰਗਣ ਦਾ ਵਾਅਦਾ ਕੀਤਾ ਸੀ। ਉਸ ਸਮੇਂ ਵੇਰਵਿਆਂ ਨੂੰ ਅਜੇ ਤਿਆਰ ਕੀਤਾ ਜਾਣਾ ਸੀ ਅਤੇ ਇਹ ਗੱਲ ਸਪਸ਼ਟ ਨਹੀਂ ਸੀ ਕਿ ਉਸ ਸਮੇਂ ਦੇ ਅਹੁਦੇ ਤੋਂ ਹਟ ਰਹੇ ਰੱਖਿਆ ਚੀਫ਼ ਜਨਰਲ ਜੋਨਾਥਨ ਵੈਨਸ ਅਗਵਾਈ ਕਰਨਗੇ ਜਾਂ ਨਹੀਂ। 2021 ਦੇ ਸ਼ੁਰੂ ਵਿਚ ਵੈਨਸ ਖਿਲਾਫ ਦੁਰਵਿਵਹਾਰ ਦੇ ਦੋਸ਼ ਸਾਹਮਣੇ ਆਉਣ ਪਿੱਛੋਂ ਉਹ ਮਿਲਟਰੀ ਪੁਲਿਸ ਜਾਂਚ ਦੇ ਕੇਂਦਰ ਵਿਚ ਰਿਹਾ ਹੈ। ਮੁਆਫੀ ਦੀ ਮੰਗ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੌਜੂਦਾ ਅਤੇ ਸਾਬਕਾ ਮੈਂਬਰਾਂ ਜਾਂ ਨੈਸ਼ਨਲ ਡਿਫੈਂਸ ਵਿਭਾਗ ਦੇ ਮੁਲਾਜ਼ਮਾਂ ਜਿਨ੍ਹਾਂ ਨੇ ਨੌਕਰੀ ਕਰਦਿਆਂ ਜਿਣਸੀ ਦੁਰਵਿਵਹਾਰ ਦਾ ਅਨੁਭਵ ਕੀਤਾ ਸੀ ਨੂੰ ਮੁਆਵਜ਼ਾ ਦੇਣ ਲਈ 2019 ਵਿਚ ਦਾਇਰ ਕਲਾਸ ਐਕਸ਼ਨ ਮੁਕੱਦਮੇ ਦੇ ਨਿਪਟਾਰਾ ਸਮਝੌਤਾ ਤੋਂ ਪੈਦਾ ਹੋਈ ਸੀ।

## ਕੈਨੇਡਾ ਪਹੁੰਚ ਰਹੇ ਯਾਤਰੀਆਂ ਲਈ ਏਅਰਪੋਰਟ 'ਤੇ ਕੋਵਿਡ-19 ਟੈਸਟਿੰਗ ਦੀ...

ਸਫ਼ਾ 1 ਦੀ ਬਾਕੀ

ਸਰਕਾਰ ਨੇ ਐਲਾਨ ਕੀਤਾ ਕਿ ਅੰਤਰਰਾਸ਼ਟਰੀ ਯਾਤਰੀ ਜਦੋਂ ਕੈਨੇਡਾ ਵਿਚ ਉੱਤਰਨਗੇ ਉਨ੍ਹਾਂ ਦੀ ਟੈਸਟਿੰਗ ਛੇਤੀ ਸ਼ੁਰੂ ਕੀਤੀ ਜਾਵੇਗੀ। ਮੌਜੂਦਾ ਸਮੇਂ ਰਵਾਨਾ ਹੋਣ ਤੋਂ ਪਹਿਲਾਂ ਟੈਸਟ ਕਰਵਾਉਣ ਦੀ ਲੋੜ ਹੈ। ਡੁਕਲੋਸ ਨੇ ਕਿਹਾ ਕਿ ਜੇਕਰ ਪਹੁੰਚਣ 'ਤੇ ਟੈਸਟਿੰਗ ਸੰਭਵ ਨਾ ਹੋਈ ਤਾਂ ਯਾਤਰੀਆਂ ਦਾ ਘਰ ਟੈਸਟ ਕੀਤਾ ਜਾਵੇਗਾ। ਟੈਸਟ ਦਾ ਨਤੀਜਾ ਪਤਾ ਲੱਗਣ ਤਕ ਉਨ੍ਹਾਂ ਨੂੰ ਆਈਸੋਲੇਟ ਰਹਿਣਾ ਪਵੇਗਾ ਅਤੇ ਜਦੋਂ ਉਨ੍ਹਾਂ ਦਾ ਟੈਸਟ ਨੈਗੇਟਿਵ ਆਵੇਗਾ ਤਾਂ ਉਹ ਆਈਸੋਲੇਸ਼ਨ ਵਿਚੋਂ ਬਾਹਰ ਆ ਸਕਣਗੇ। ਸਰਕਾਰ ਮੁਤਾਬਿਕ ਉਹ ਵਿਅਕਤੀ ਜਿਨ੍ਹਾਂ ਦਾ ਟੀਕਾਕਰਣ ਹੋ ਚੁੱਕਾ ਹੈ ਨੂੰ ਨੈਗੇਟਿਵ ਨਤੀਜਾ ਆਉਣ ਤਕ ਆਈਸੋਲੇਟ ਰਹਿਣਾ ਪਵੇਗਾ। ਜਿਨ੍ਹਾਂ ਵਿਅਕਤੀਆਂ ਦੇ ਟੀਕੇ ਨਹੀਂ ਲੱਗੇ ਉਨ੍ਹਾਂ ਨੂੰ ਪੂਰੇ 14 ਦਿਨ ਆਈਸੋਲੇਟ ਰਹਿਣਾ ਪਵੇਗਾ ਅਤੇ ਉਨ੍ਹਾਂ ਦੀ ਕੁਆਰਨਟੀਨ ਦੇ ਪਹਿਲੇ ਦਿਨ ਤੇ ਅੱਠਵੇਂ ਦਿਨ ਟੈਸਟ ਹੋਣਗੇ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

## ਸੰਪਾਦਕੀ

### ਬੀ. ਸੀ. ਵਿਚ ਹੜ੍ਹਾਂ ਦੀ ਮਾਰ...

# ਕੁਦਰਤੀ ਆਫਤ ਪ੍ਰਬੰਧਨ 'ਚ ਤਰੁੱਟੀਆਂ ਲਈ ਸਰਕਾਰਾਂ ਵੀ ਜ਼ਿੰਮੇਵਾਰ...

**ਸੁਖਵਿੰਦਰ ਸਿੰਘ ਚੋਹਲਾ**

ਬਿਊਟੀਫੁਲ ਬ੍ਰਿਟਿਸ਼ ਕੋਲੰਬੀਆ ਨੂੰ ਪਿਛਲੇ ਹਫਤੇ ਤੋ ਹੜ੍ਹਾਂ ਦੀ ਭਿਆਨਕ ਮਾਰ ਨੇ 'ਕਰੂਪ' ਬਣਾ ਰੱਖਿਆ ਹੈ। ਭਾਰੀ ਤੇ ਅਣਕਿਆਸੀ ਬਾਰਿਸ਼, ਤੇਜ਼ ਹਵਾਵਾਂ ਤੇ ਜ਼ਮੀਨ ਖਿਸਕਣ ਕਾਰਣ ਸੂਬੇ ਦੇ ਮੁੱਖ ਮਾਰਗਾਂ, ਰੇਲਵੇ ਪਟੜੀਆਂ, ਤੇ ਕਈ ਪੁਲਾਂ ਦੇ ਰੁੜਨ ਕਾਰਣ ਵੈਨਕੂਵਰ ਬੰਦਰਗਾਹ ਦਾ ਮੁਲਕ ਦੇ ਦੂਸਰੇ ਸੂਬਿਆਂ ਨਾਲੋ ਸਬੰਧ ਟੁੱਟਾ ਪਿਆ ਹੈ। ਇਹਨਾਂ ਹੜ੍ਹਾਂ ਕਾਰਣ ਜਿਥੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪੁੱਜਾ ਹੈ ਉਥੇ ਬੰਦਰਗਾਹ ਉਪਰ ਕੰਮ ਠੱਪ ਹੋਣ ਨਾਲ ਲਗਾਤਾਰ ਭਾਰੀ ਆਰਥਿਕ ਨੁਕਸਾਨ ਵੀ ਝੱਲਣਾ ਪੈ ਰਿਹਾ ਹੈ। ਫਰੇਜ਼ਰ ਵੈਲੀ ਵਿਚ ਆਏ ਇਹਨਾਂ ਹੜ੍ਹਾਂ ਕਾਰਣ ਕੈਨੇਡੀਅਨ ਅਰਥਚਾਰੇ ਨੂੰ ਇਤਿਹਾਸ ਦੇ ਵੱਡੇ ਨੁਕਸਾਨਾਂ ਵਿਚ ਸ਼ੁਮਾਰ ਕੀਤਾ ਜਾ ਰਿਹਾ ਹੈ। ਦੋ ਦਿਨਾਂ ਦੇ ਭਾਰੀ ਮੀਂਹ ਪਿੱਛੋਂ ਫਸੇ ਲੋਕਾਂ ਨੂੰ ਕੱਢਣ ਲਈ ਸਮੁੱਚੇ ਬੀਸੀ ਵਿਚ ਹੈਲੀਕਾਪਟਰਾਂ ਰਾਹੀਂ ਸੈਂਕੜੇ ਲੋਕਾਂ ਨੂੰ ਬਚਾਇਆ ਗਿਆ ਹੈ। ਇਹਨਾਂ ਹੜ੍ਹਾਂ ਨੇ ਐਬਟਸਫੋਰਡ ਤੇ ਚਿਲਾਵੈਕ ਵਿਚਾਲੇ ਖੇਤੀਬਾੜੀ ਲਈ ਬਹੁਤ ਹੀ ਉਪਜਾਊ ਇਲਾਕੇ ਸੁਮੈਸ ਪਰੇਰੀ ਵਿਚ ਤਬਾਹੀ ਮਚਾ ਰੱਖੀ ਹੈ। ਇਸ ਖੇਤਰ ਵਿਚ ਜਿਥੇ ਬਲੂ ਬੇਰੀ, ਰਸਬੇਰੀ ਤੇ ਹੋਰ ਸਬਜ਼ੀਆਂ ਦੇ ਖੇਤ ਤਬਾਹ ਹੋ ਗਏ ਹਨ ਉਥੇ ਹਜ਼ਾਰਾਂ ਗਾਵਾਂ ਅਤੇ ਮੁਰਗੀਆਂ ਦੇ ਵੀ ਮਰਨ ਦਾ ਖਦਸ਼ਾ ਹੈ। ਇਸ ਖੇਤਰ ਵਿਚ ਸੈਂਕੜੇ ਡੇਅਰੀ ਫਾਰਮ ਅਤੇ ਪੋਲਟਰੀ ਫਾਰਮ ਹਨ, ਜਿਹਨਾਂ 'ਤੇ ਹਜ਼ਾਰਾਂ ਕਾਮੇ ਆਪਣਾ ਰੋਜ਼ਗਾਰ ਕਮਾ ਰਹੇ ਸਨ। ਇਸਤੋ ਪਹਿਲਾਂ 7000 ਦੀ ਆਬਾਦੀ ਵਾਲੇ ਸਾਰੇ ਮੈਰਿਟ ਸ਼ਹਿਰ ਨੂੰ ਖਾਲੀ ਕਰਵਾਉਣਾ ਪਿਆ। ਕੋਕਾਹੱਲਾ ਮੁੱਖ ਮਾਰਗ ਦਾ ਵੱਡਾ ਹਿੱਸਾ ਹੜ੍ਹ ਵਿਚ ਰੁੜ ਗਿਆ ਜਿਸਦੀ ਮੁੜ ਉਸਾਰੀ ਆਸਾਨ ਕਾਰਜ ਨਹੀ। ਹੋਪ ਸ਼ਹਿਰ ਦੇ ਮੁੱਖ ਮਾਰਗ ਉਪਰ ਸੈਂਕੜੇ ਰਾਹਗੀਰ ਫਸੇ ਰਹੇ ਜਿਹਨਾਂ ਨੂੰ ਬੜੀ ਜਦੋਜਹਿਦ ਬਾਦ ਸੁਰੱਖਿਅਤ ਕੱਢਿਆ ਜਾ ਸਕਿਆ। ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਲਈ ਫੌਜ ਬੁਲਾਉਣੀ ਪਈ। ਫੌਜੀ ਜਵਾਨਾਂ ਦੇ ਨਾਲ ਸੜਕੀ ਅਤੇ ਰੇਲਵੇ ਆਵਾਜਾਈ ਦੀ ਬਹਾਲੀ ਲਈ ਵਰਕਰ ਦਿਨ ਰਾਤ ਕੰਮ ਕਰ ਰਹੇ ਹਨ। ਬੀਤੇ ਦਿਨ ਬੜੀ ਜਦੋਜਹਿਦ ਉਪਰੰਤ ਨੈਸ਼ਨਲ ਹਾਈਵੇ ਵੰਨ ਨੂੰ ਸੀਮਤ ਹੱਦ ਵਿਚ ਖੋਹਲਿਆ ਗਿਆ ਪਰ ਖਬਰ ਹੈ ਕਿ ਮੁੜ ਲਗਾਤਾਰ ਬਾਰਿਸ਼ ਦੀ ਚੇਤਾਵਨੀ ਕਾਰਣ ਹਾਈਵੇ ਮੁੜ ਬੰਦ ਕਰਨਾ ਪੈ ਸਕਦਾ ਹੈ। ਅਗਰ ਅਜਿਹੀ ਸਥਿਤੀ ਬਣਦੀ ਹੈ ਤਾਂ ਫਰੇਜ਼ਰ ਵੈਲੀ ਵਿਚ ਜ਼ਰੂਰੀ ਵਸਤਾਂ ਤੇ ਗੈਸ ਸਪਲਾਈ ਵਿਚ ਆਈ ਰੁਕਾਵਟ ਕੀਮਤਾਂ ਵਿਚ ਵਾਧੇ ਦਾ ਕਾਰਣ ਬਣ ਸਕਦੀ ਹੈ। ਇਸ ਨਾਲ ਲੋਕਾਂ ਵਿਚ ਜ਼ਰੂਰੀ ਵਸਤਾਂ ਦੀ ਘਾਟ ਕਾਰਣ ਪੈਦਾ ਹੋਈ ਹੜਬੜਾਹਟ ਹੋਰ ਵਧੇਗੀ। ਭਾਵੇਕਿ ਸਰਕਾਰ ਵਲੋ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਦਾ ਭਰੋਸਾ ਦਿੱਤਾ ਜਾ ਰਿਹਾ ਹੈ ਪਰ ਸਟੋਰਾਂ ਉਪਰ ਦੁਧ ਅਤੇ ਆਂਡਿਆਂ ਦੀ ਲਿਮਟ ਲਗਾਉਣਾ ਅਤੇ ਗੈਸ ਸਟੇਸ਼ਨਾਂ ਉਪਰ ਵੀ 30 ਲਿਟਰ ਗੈਸ



ਪੁਆਉਣ ਦੀ ਹਦਾਇਤ ਕਾਰਣ ਲੋਕਾਂ ਵਿਚ ਡਰ ਦਾ ਮਾਹੌਲ ਬਣਨਾ ਕੁਦਰਤੀ ਹੈ। ਕੁਦਰਤੀ ਆਫਤ ਸਾਹਵੇਂ ਸੂਬਾ ਸਰਕਾਰ ਵੱਲੋ ਐਮਰਜੈਂਸੀ ਐਲਾਨਣ ਪਿੱਛੋਂ ਸੂਬਾ ਵਾਸੀਆਂ ਨੂੰ ਖਾਧ ਪਦਾਰਥਾਂ ਦੀ ਜਮ੍ਹਾਂਖੋਰੀ ਨਾ ਕਰਨ ਦੀਆਂ ਹਦਾਇਤਾਂ ਦੇ ਬਾਵਜੂਦ ਗਰੋਸਰੀ ਸਟੋਰਾਂ ਦੀਆਂ ਸੈਲਫਾਂ ਖਾਲੀ ਹੋ ਰਹੀਆਂ ਹਨ। ਖਬਰ ਹੈ ਕਿ ਹੜ ਕਾਰਣ ਟਰਾਂਸਮਾਊਂਟ ਪਾਈਪਲਾਈਨ ਵੀ ਪ੍ਰਭਾਵਿਤ ਹੋਈ ਹੈ। ਇਸ ਪਾਈਪਲਾਈਨ ਰਾਹੀ ਰੋਜ਼ਾਨਾ ਵੈਨਕੂਵਰ ਖੇਤਰ ਨੂੰ 3 ਲੱਖ ਬੈਰਲ ਤੇਲ ਪ੍ਰਤੀ ਦਿਨ ਸਪਲਾਈ ਕੀਤਾ ਜਾਂਦਾ ਸੀ, ਜੋ ਹੁਣ ਬਿਲਕੁਲ ਬੰਦ ਹੈ। ਅਗਰ ਫਰੇਜ਼ਰ ਵੈਲੀ ਵਿਚ ਹੜ੍ਹਾਂ ਦੀ ਸਥਿਤੀ ਵਿਚ ਇਕ ਹਫਤਾ ਹੋਰ ਸੁਧਾਰ ਨਹੀ ਆਉਂਦਾ ਤਾਂ ਸਥਿਤੀ ਦੀ ਨਾਜ਼ੁਕਤਾ ਨੂੰ ਸਮਝਣਾ ਬਣਦਾ ਹੈ। ਬੀਤੇ ਦਿਨੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਦਿਆਂ ਸੂਬੇ ਨੂੰ ਹਰ ਤਰਾਂ ਦੀ ਸਹਾਇਤਾ ਪ੍ਰਦਾਨ ਕਰਨ ਦਾ ਵਚਨ ਦਿੱਤਾ ਹੈ। ਉਹਨਾਂ ਕੈਬਨਿਟ ਪੱਧਰ ਦੀ ਇਕ ਫੈਡਰਲ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ ਹੈ ਕਿ ਜੋ ਆਫਤ ਪ੍ਰਬੰਧਨ ਦੇ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਕੰਮ ਕਰੇਗੀ। ਇਸਤੋ ਪਹਿਲਾਂ ਸੂਬਾ ਸਰਕਾਰ ਨੇ ਵੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਪ੍ਰਤੀ ਵਿਅਕਤੀ 2000 ਡਾਲਰ ਐਮਰਜੈਂਸੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਬਿਨਾਂ ਸ਼ੱਕ ਇਸ ਕੁਦਰਤੀ ਆਫਤ ਨਾਲ ਨਿਪਟਣ ਲਈ ਫੈਡਰਲ, ਪ੍ਰਾਂਤਕ ਤੇ ਸਥਾਨਕ ਸਰਕਾਰਾਂ ਆਪਣੀ ਪੂਰੀ ਸਮਰੱਥਾ ਨਾਲ ਜੁੱਟੀਆਂ ਹੋਈਆਂ ਹਨ ਪਰ ਇਸ ਦੌਰਾਨ ਸੁਮੈਸ ਪਰੇਰੀ ਤੋ ਸੁਰੱਖਿਅਤ ਨਿਕਲੇ ਲੋਕਾਂ ਦੇ ਘਰ ਬਾਹਰ ਡੁੱਬਣ ਅਤੇ ਸਭ ਕੁਝ ਗਵਾ ਦੇਣ ਦੀਆਂ ਸਾਹਮਣੇ ਆ ਰਹੀਆਂ ਕਹਾਣੀਆਂ ਸਰਕਾਰੀ ਪ੍ਰਬੰਧਾਂ ਉਪਰ ਸਵਾਲ ਚਿੰਨ ਵੀ ਲਗਾਉਦੀਆਂ ਹਨ। ਸੁਮੈਸ ਰਿਵਰ ਦਾ ਬੰਨ ਟੁੱਟਣ ਅਤੇ ਪਰੇਰੀ ਖੇਤਰ ਵਿਚ ਵਸਦੇ ਲੋਕਾਂ ਨੂੰ ਸਮੇਂ ਸਿਰ ਇਤਲਾਹ ਨਾ ਦੇਣ ਦੀ ਜ਼ਿੰਮੇਵਾਰੀ ਕਿਸ ਸਿਰ ਪਵੇਗੀ? ਰਿਪੋਰਟਾਂ ਮੁਤਾਬਿਕ ਪ੍ਰਾਂਤਕ ਹੜ੍ਹ ਪ੍ਰਬੰਧਨ ਕਮੇਟੀ ਵਲੋ ਸਮੇ ਸਮੇਂ ਚਿਤਾਵਨੀਆਂ ਦਿੱਤੀਆਂ ਗਈਆਂ ਪਰ ਇਹਨਾਂ ਚੇਤਾਵਨੀਆਂ ਨੂੰ ਸਿਟੀ ਪੱਧਰ ਉਪਰ ਗੰਭੀਰਤਾ ਨਾਲ ਨਹੀ ਲਿਆ ਗਿਆ।

ਤੱਥਾਂ ਮੁਤਾਬਿਕ ਸਾਲ 1975 ਵਿਚ ਫੈਡਰਲ ਸਰਕਾਰ ਵਲੋ ਮੁਲਕ ਭਰ ਵਿਚ 300 ਦੇ ਕਰੀਬ ਹੜ੍ਹ ਸੰਭਾਵਿਤ ਇਲਾਕਿਆਂ ਦੀ ਪਛਾਣ ਕੀਤੀ ਗਈ ਸੀ। ਇਸ ਸਬੰਧੀ ਵਿਸਥਾਰਿਤ ਰਿਪੋਰਟ ਅਤੇ ਨਕਸ਼ੇ ਵੀ ਹਰ ਪੱਧਰ ਉਪਰ ਮੁਹੱਈਆ ਕਰਵਾਏ ਗਏ। ਇਤਿਹਾਸ ਵਿਚ ਸਭ ਤੋ ਪਹਿਲਾਂ ਫਰੇਜ਼ਰ ਵੈਲੀ ਵਿਚ ਮਈ 1894 ਵਿਚ ਤਬਾਹਕੁੰਨ ਹੜ੍ਹ ਆਉਣ ਦਾ ਜ਼ਿਕਰ ਹੈ। ਇਸ ਉਪਰੰਤ ਮਈ 1948 ਵਿਚ ਆਏ ਹੜ੍ਹਾਂ ਤੋ ਲਗਪਗ 70 ਸਾਲ ਬਾਦ ਆਏ ਮੌਜੂਦਾ ਹੜ੍ਹਾਂ ਦੀ ਭਿਆਨਕਤਾ ਦੱਸਦੀ ਹੈ ਕਿ ਇਸ ਕੁਦਰਤੀ ਆਫਤ ਨਾਲ ਨਿਪਟਣ ਲਈ ਲੰਬੇ ਸਮੇ ਦੀ ਯੋਜਨਾ ਵਿਚ ਜ਼ਰੂਰ ਕੋਈ ਕਮੀ ਰਹੀ ਹੋਵੇਗੀ। ਬਿਨਾਂ ਸ਼ੱਕ ਬੀ ਸੀ ਵਿਚ ਪਿਛਲੇ ਸਮੇ ਦੌਰਾਨ ਜੰਗਲੀ ਅੱਗਾਂ, ਸੋਕੇ ਅਤੇ ਭਾਰੀ ਬਾਰਿਸ਼ਾਂ ਨੂੰ ਵਾਤਾਵਰਣ ਤਬਦੀਲੀ ਨਾਲ ਜੋੜਿਆ ਜਾ ਰਿਹਾ ਹੈ ਪਰ ਇਹਨਾਂ ਹੜ੍ਹਾਂ ਦੀ ਤਬਾਹੀ ਲਈ ਕੁਦਰਤੀ ਆਫਤ ਪ੍ਰਬੰਧਨ ਵਿਭਾਗ ਅਤੇ ਸਬੰਧਿਤ ਨਗਰ ਕੌਂਸਲਾਂ-ਸਥਾਨਕ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਵੀ ਮੁਲਾਂਕਣ ਕਰਨ ਦੀ ਲੋੜ ਹੈ। ਐਬਟਸਫੋਰਡ ਦੇ ਮੇਅਰ ਸੁਮੈਸ ਪਰੇਰੀ ਵਿਚ ਹੜ੍ਹ ਦਾ ਕਾਰਣ ਦਰਿਆ ਦਾ ਬੰਨ ਟੁੱਟਣਾ ਤਾਂ ਦੱਸਦੇ ਹਨ ਪਰ ਮੌਸਮ ਵਿਭਾਗ ਦੀਆਂ ਚੇਤਾਵਨੀਆਂ ਦੇ ਬਾਵਜੂਦ ਬੰਨ੍ਹ ਦੀ ਮਜ਼ਬੂਤੀ ਜਾਂ ਆਫਤ ਰੋਕੂ ਪ੍ਰਬੰਧਨ ਦੀ ਜ਼ਿੰਮੇਵਾਰੀ ਤੈਅ ਹੋਣ ਦਾ ਜ਼ਿਕਰ ਨਹੀ ਕਰਦੇ। ਉਹਨਾਂ ਬੰਨ੍ਹ ਬਣਾਉਣ ਲਈ ਪਹਿਲਾਂ ਕੁਝ ਘਰਾਂ ਨੂੰ ਢਾਹੇ ਜਾਣ ਦਾ ਬਿਆਨ ਦੇ ਦਿੱਤਾ ਤੇ ਫਿਰ ਆਪ ਹੀ ਬਿਆਨ ਵਾਪਿਸ ਲੈ ਲਿਆ।

## ਗੁਰੂ ਘਰਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਸ਼ਲਾਘਯੋਗ ਉਪਰਾਲੇ

ਬੀ ਸੀ ਵਿਚ ਹੜ੍ਹਾਂ ਦੀ ਆਫਤ ਨਾਲ ਜਿਥੇ ਤਬਾਹੀ ਦੇ ਮੰਜ਼ਰ ਕਾਫੀ ਡਰਾਉਣੇ ਹਨ, ਉਥੇ ਇਸ ਕੁਦਰਤੀ ਆਫਤ ਦਾ ਸਾਹਮਣਾ ਕਰਨ ਅਤੇ ਪੀੜਤ ਲੋਕਾਂ ਦੀ ਮਦਦ ਲਈ ਗੁਰੂ ਘਰਾਂ, ਸਮਾਜ ਸੇਵੀ ਸੰਸਥਾਵਾਂ, ਉਘੀਆਂ ਹਸਤੀਆਂ ਅਤੇ ਵਲੰਟੀਅਰਾਂ ਵਲੋ ਅੱਗੇ ਆਉਣ ਤੇ ਦੁਖੀਆਂ ਦਾ ਸਹਾਰਾ ਬਣਨ ਦੀਆਂ ਖਬਰਾਂ ਵੀ ਰਾਹਤ ਭਰੀਆਂ ਹਨ। ਹੋਪ, ਮੈਰਿਟ, ਕੋਕਾਹੱਲਾ ਤੇ ਸੂਮਸ ਪਰੇਰੀ ਵਿਚ ਫਸੇ ਲੋਕਾਂ ਨੂੰ ਸੁਰੱਖਿਅਤ ਕੱਢਣ, ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਪਹੁੰਚਾਉਣ ਲਈ ਸਮਾਜ ਸੇਵੀ ਸੰਸਥਾਵਾਂ ਦਾ ਯੋਗਦਾਨ ਬਹੁਤ ਹੀ ਅਹਿਮ ਹੈ। ਸਭ ਤੋ ਪਹਿਲਾਂ ਸਰੀ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੇ ਕੈਪਲੂਪਸ ਗੁਰੂ ਘਰ ਦੇ ਪ੍ਰਬੰਧਕਾਂ ਨੇ ਪਹਿਲਕਦਮੀ ਕਰਦਿਆਂ ਹੜ੍ਹਾਂ ਵਿਚ ਫਸੇ ਲੋਕਾਂ ਲਈ ਲੰਗਰ ਪਹੁੰਚਾਉਣ ਦੇ ਪ੍ਰਬੰਧ ਕੀਤੇ। ਇਥੋ ਤੱਕ ਕਿ ਹੈਲੀਕਾਪਟਰ ਕਿਰਾਏ ਉਪਰ ਲੈਕੇ ਹੜ੍ਹ ਪੀੜਤਾਂ ਨੂੰ ਲੰਗਰ ਪਹੁੰਚਾਏ ਗਏ। ਸਿੱਖ ਵਲੰਟੀਅਰਾਂ ਵਲੋ ਇਸ ਘੜੀ ਲੋੜਵੰਦ ਲੋਕਾਂ ਦੀ ਮਦਦ ਅਤੇ ਸੇਵਾ ਭਾਵਨਾ ਨੇ ਗੁਰੂ ਨਾਨਕ ਮਿਸ਼ਨ ਨੂੰ ਇਨਸਾਨੀਅਤ ਦੇ ਧਰਮ ਦੀ ਪਛਾਣ ਵਜੋ ਪਕੇਰਾ ਕੀਤਾ ਹੈ। ਸਥਾਨਕ ਕਮਿਊਨਿਟੀ ਰੇਡੀਓ ਰੈਡ ਐਮ ਐਫ ਵਲੋ ਆਪਣੀ ਸਾਲਾਨਾ ਗੁਰਪੁਰਬ ਰੇਡੀਓਥਾਨ ਰਾਸ਼ੀ ਨੂੰ ਇਸ ਵਾਰ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰੈਡ ਕਰਾਸ ਨੂੰ ਦਾਨ ਕਰਨਾ ਸ਼ਲਾਘਾਯੋਗ ਉਪਰਾਲਾ ਰਿਹਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661



# ਵਿੱਕੀ ਕੌਸਲ ਤੇ ਕੈਟਰੀਨਾ ਕੈਫ ਕਰਵਾਉਣਗੇ ਵਿਆਹ

ਜੈਪੁਰ-ਬੌਲੀਵੁੱਡ ਅਦਾਕਾਰ ਵਿੱਕੀ ਕੌਸ਼ਲ ਤੇ ਅਦਾਕਾਰਾ ਕੈਟਰੀਨਾ ਕੈਫ ਦੇ ਵਿਆਹ ਬਾਰੇ ਅਧਿਕਾਰਤ ਤੌਰ ਤੇ ਪੁਸ਼ਟੀ ਹੋ ਗਈ ਹੈ। ਦੋਵੇਂ ਜਣੇ ਸਵਾਈ ਮਾਧੋਪੁਰ ਜ਼ਿਲ੍ਹੇ ਦੇ ਸਿਕਸ ਸੈਂਸਿਜ਼ ਕਿਲ੍ਹਾ ਬਰਵਾੜਾ ਵਿੱਚ ਅਗਲੇ ਹਫਤੇ ਵਿਆਹ ਰਚਾਉਣਗੇ। ਇਸ ਤੋਂ ਪਹਿਲਾਂ ਵਿੱਕੀ ਤੇ ਕੈਟਰੀਨਾ ਵੱਲੋਂ ਜਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਆਹ ਬਾਰੇ ਅਧਿਕਾਰਤ ਤੌਰ ਤੇ ਕੋਈ ਪੁਸ਼ਟੀ ਨਹੀਂ ਕੀਤੀ ਗਈ ਸੀ। ਹੁਣ ਜ਼ਿਲ੍ਹਾ ਪ੍ਰਸ਼ਾਸਨ ਨੇ ਦੋਹਾਂ ਦੇ ਵਿਆਹ ਦੇ ਮੱਦੇਨਜ਼ਰ ਕਾਨੂੰਨ ਵਿਵਸਥਾ ਕਾਇਮ ਰੱਖਣ ਅਤੇ ਭੀੜ ਉੱਤੇ ਕਾਬੂ ਪਾਉਣ ਲਈ ਵਿਉਂਤਬੰਦੀ ਉਲੀਕਣ ਵਾਸਤੇ ਸ਼ੁੱਕਰਵਾਰ ਨੂੰ ਸਵੇਰੇ 10.15 ਵਜੇ ਮੀਟਿੰਗ ਸੱਦੀ ਹੈ। ਇਹ ਹੁਕਮ ਐਡੀਸ਼ਨਲ ਜ਼ਿਲ੍ਹਾ ਕੁਲੈਕਟਰ ਸੂਰਜ ਸਿੰਘ ਨੇਗੀ ਨੇ ਜਾਰੀ ਕੀਤੇ ਹਨ।

# ਭਾਰਤ ਸਰਕਾਰ ਜਲਦ ਲਿਆਵੇਗੀ ਕ੍ਰਿਪਟੋਕਰੰਸੀ ਬਾਰੇ ਨਵਾਂ ਬਿਲ

ਨਵੀਂ ਦਿੱਲੀ-ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਰਾਜ ਸਭਾ ਵਿੱਚ ਕਿਹਾ ਕਿ ਸਰਕਾਰ ਜਲਦੀ ਹੀ ਕ੍ਰਿਪਟੋਕਰੰਸੀ ਬਾਰੇ ਨਵਾਂ ਬਿੱਲ ਕੈਬਨਿਟ ਦੀ ਪ੍ਰਵਾਨਗੀ ਮਗਰੋਂ ਸੰਸਦ ਵਿੱਚ ਪੇਸ਼ ਕਰੇਗੀ। ਉਂਜ ਸਰਕਾਰ ਨੇ ਕ੍ਰਿਪਟੋਕਰੰਸੀ ਤੇ ਰੈਗੂਲੇਸ਼ਨ ਆਫ਼ ਡਿਜੀਟਲ ਕਰੰਸੀ ਬਿੱਲ ਨੂੰ ਲੋਕ ਸਭਾ ਬੁਲਿਟਨ ਪਾਰਟ-2 ਵਿੱਚ ਸ਼ਾਮਲ ਕੀਤਾ ਹੈ, ਜਿਸ ਨੂੰ ਚੱਲ ਰਹੇ ਸਰਦ ਰੁੱਤ ਇਜਲਾਸ ਦੌਰਾਨ ਪੇਸ਼ ਕੀਤਾ ਜਾਣਾ ਹੈ। ਬਿੱਲ ਦਾ ਮੁੱਖ ਮੰਤਵ ਅਧਿਕਾਰਤ ਡਿਜੀਟਲ ਕਰੰਸੀ, ਜੋ ਕਿ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਜਾਵੇਗੀ, ਦੀ ਸਿਰਜਣਾ ਸਬੰਧੀ ਚੌਖਟਾ ਤਿਆਰ ਕਰਨਾ ਹੈ। ਇਸ ਵਿੱਚ ਸਾਰੀਆਂ ਨਿੱਜੀ ਕ੍ਰਿਪਟੋਕਰੰਸੀਜ਼ 'ਤੇ ਰੋਕ ਲਾਉਣ ਦੀ ਵਿਵਸਥਾ ਦੇ ਨਾਲ ਕ੍ਰਿਪਟੋਕਰੰਸੀ ਤਕਨਾਲੋਜੀ ਤੇ ਇਸ ਦੀ ਵਰਤੋਂ ਦੇ ਪ੍ਰਚਾਰ ਪਾਸਾਰ ਲਈ ਕੁਝ ਛੋਟਾਂ ਦੇਣ ਦਾ ਵੀ ਪ੍ਰਬੰਧ ਹੈ। ਸੀਤਾਰਾਮਨ ਨੇ ਅੱਜ ਉਪਰਲੇ ਸਦਨ ਵਿੱਚ ਲੜੀਵਾਰ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ, "ਬਿੱਲ ਨੂੰ ਕੈਬਨਿਟ ਦੀ ਪ੍ਰਵਾਨਗੀ ਮਗਰੋਂ ਸਦਨ ਵਿੱਚ ਲਿਆਂਦਾ ਜਾਵੇਗਾ।" ਕਾਬਿਲੇਗੌਰ ਹੈ ਕਿ ਸਰਕਾਰ ਨੇ ਮਿਲਦਾ ਜੁਲਦਾ ਬਿੱਲ ਮੌਨਸੂਨ ਇਜਲਾਸ ਦੌਰਾਨ ਵੀ ਸੂਚੀਬੰਦ ਕੀਤਾ ਸੀ, ਪਰ ਇਸ ਨੂੰ ਪੇਸ਼ ਨਹੀਂ ਕੀਤਾ ਜਾ ਸਕਿਆ ਸੀ।

# ਯੋਗੀ ਮੁੜ ਧਰਮ ਤੇ ਜਾਤ ਦੀ ਸਿਆਸਤ ਦਾ ਪੱਤਾ ਖੇਡਣ ਲਈ ਯਤਨਸ਼ੀਲ-ਪ੍ਰਿਯੰਕਾ

ਮੁਰਾਦਾਬਾਦ-ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਦੋਸ਼ ਲਾਇਆ ਕਿ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਧਰਮ ਦੀ ਸਿਆਸਤ ਕਰ ਰਹੇ ਹਨ, ਲੋਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਵਿਕਾਸ ਦੇ ਮੁੱਦਿਆਂ ਉਤੇ ਸਵਾਲ ਕਰਨ। ਉਨ੍ਹਾਂ ਕਿਹਾ ਕਿ ਇਕ ਵਾਰ ਜਦ ਲੋਕ ਵਿਕਾਸ ਉਤੇ ਸਵਾਲ ਕਰਨਗੇ ਤਾਂ ਯੋਗੀ ਖ਼ੁਦ ਹੀ ਅਜਿਹਾ ਕਰਨ ਤੋਂ ਪਿੱਛੇ ਹਟਣਗੇ। ਕਾਂਗਰਸ ਆਗੂ ਨੇ ਦਾਅਵਾ ਕੀਤਾ ਕਿ ਸਿਰਫ਼ ਉਨ੍ਹਾਂ ਦੀ ਹੀ ਪਾਰਟੀ ਵਿਕਾਸ ਦਾ ਮੁੱਦਾ ਚੁੱਕ ਰਹੀ ਹੈ ਜਦਕਿ ਬਾਕੀ ਸਾਰੇ ਜਾਤ ਤੇ ਧਰਮ ਦਾ ਪੱਤਾ ਖੇਡ ਰਹੇ ਹਨ। ਲੋਕਾਂ ਵਿਚ ਵੰਡੀਆਂ ਪਾ ਰਹੇ ਹਨ। ਪ੍ਰਿਯੰਕਾ ਨੇ ਇੱਥੇ ਇਕ ਰੈਲੀ ਵਿਚ ਕਿਹਾ ਕਿ 'ਮੁੱਖ ਮੰਤਰੀ ਨੂੰ ਨਹੀਂ ਲੱਗਦਾ ਕਿ ਉਹ ਲੋਕਾਂ ਪ੍ਰਤੀ ਜਵਾਬਦੇਹ ਹਨ। ਚੋਣਾਂ ਮੌਕੇ ਉਹ ਧਰਮ ਦਾ ਨਾਂ ਲੈ ਕੇ ਬਚ ਜਾਂਦੇ ਹਨ।' ਕਾਂਗਰਸ ਆਗੂ ਨੇ ਕਿਹਾ ਕਿ ਜਦ ਤੱਕ ਲੋਕ ਪਿੰਡਾਂ ਦੀਆਂ ਸੜਕਾਂ, ਰੁਜ਼ਗਾਰ ਤੇ ਸਿਹਤ ਪ੍ਰਬੰਧਾਂ ਬਾਰੇ ਮਹੱਤਵਪੂਰਨ ਸਵਾਲ ਨਹੀਂ ਕਰਦੇ ਉਦੋਂ ਤੱਕ ਇਹ ਧਰਮ ਤੇ ਜਾਤ ਦੀ ਸਿਆਸਤ ਚੱਲਦੀ ਰਹੇਗੀ। ਪ੍ਰਿਯੰਕਾ ਨੇ ਕਿਹਾ ਕਿ ਕਾਂਗਰਸ ਵਿਕਾਸ ਦੇ ਮੁੱਦੇ ਉਤੇ ਚੋਣ ਲੜੇਗੀ। ਅਜਿਹੇ ਮੁੱਦੇ ਜੋ ਸਾਡੀ ਨਿੱਤ ਦੀ ਜ਼ਿੰਦਗੀ ਨਾਲ ਜੁੜੇ ਹੋਏ ਹਨ। ਕਿਸਾਨ ਅੰਦੋਲਨ ਦਾ ਹਵਾਲਾ ਦਿੰਦਿਆਂ ਪ੍ਰਿਯੰਕਾ ਨੇ ਕਿਹਾ ਕਿ ਇਹ ਇਕ ਉਦਾਹਰਨ ਹੈ ਕਿ ਜਦ ਲੋਕ ਮਨ ਬਣਾ ਲੈਂਦੇ ਹਨ ਤੇ ਮੁੱਦਿਆਂ ਉਤੇ ਲੜਦੇ ਹਨ ਤਾਂ ਸਰਕਾਰਾਂ ਨੂੰ ਵੀ ਝੁਕਣਾ ਪੈਂਦਾ ਹੈ। ਪ੍ਰਿਯੰਕਾ ਨੇ ਕਿਹਾ ਕਿ 700 ਕਿਸਾਨਾਂ ਨੇ ਕੁਰਬਾਨੀ ਦਿੱਤੀ ਪਰ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਤੱਕ ਨਹੀਂ ਰੱਖਿਆ। ਲਖੀਮਪੁਰ ਖੀਰੀ ਹਿੰਸਾ ਦਾ ਜ਼ਿਕਰ ਕਰਦਿਆਂ ਕਾਂਗਰਸੀ ਆਗੂ ਨੇ ਕਿਹਾ ਕਿ ਚਾਰ ਕਿਸਾਨਾਂ ਸਣੇ 8 ਜਣੇ ਮਾਰੇ ਗਏ ਪਰ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੇ ਇਕ ਸ਼ਬਦ ਤੱਕ ਨਹੀਂ ਬੋਲਿਆ।



ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਂਵਾਂ
ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

BLACK & WHITE
AUTO BODY PAINT
ICBC c.a.r. shop VALET
Accredited Collision Repairs & Valet Service
ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ
#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਕੈਲਗਰੀ ਮੈੱਕੌਲ ਹਲਕੇ ਦਾ ਨਾਮ ਮਨਜੀਤ ਸਿੰਘ ਭੁੱਲਰ ਦੇ ਨਾਮ 'ਤੇ ਰੱਖਣ ਲਈ ਬਿੱਲ ਪੇਸ਼

ਕੈਲਗਰੀ (ਕਮਲਜੀਤ ਬੁੱਟਰ)-ਕੈਲਗਰੀ ਮੈੱਕੌਲ ਵਿਧਾਨਸਭਾ ਰਾਇਡਿੰਗ ਦਾ ਨਾਮ ਤਬਦੀਲ ਕਰਨ ਵਾਸਤੇ ਵਿਧਾਨਸਭਾ ਵਿੱਚ ਬਿਲ-87 ਪੇਸ਼ ਕੀਤਾ ਗਿਆ ਹੈ। ਸਾਬਕਾ ਸੂਬਾਈ ਮੰਤਰੀ ਮਨਮੀਤ ਸਿੰਘ ਭੁੱਲਰ ਦੇ ਨਾਮ 'ਤੇ ਇਸ ਰਾਇਡਿੰਗ ਦਾ ਨਾਮ ਰੱਖੇ ਜਾਣ ਦੀ ਤਜਵੀਜ਼ ਹੈ। ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਇਸ ਰਾਇਡਿੰਗ ਦਾ ਨਾਮ ਕੈਲਗਰੀ-ਭੁੱਲਰ-ਮੈੱਕੌਲ ਹੋਵੇਗਾ। ਮਨਮੀਤ ਸਿੰਘ ਭੁੱਲਰ ਸਾਲ 2008 ਵਿੱਚ ਕੈਲਗਰੀ ਦੀ ਕੈਲਗਰੀ-ਗ੍ਰੀਨਵੇਅ ਰਾਇਡਿੰਗ ਤੋਂ ਐਮਐਲਏ ਚੁਣੇ ਗਏ ਸਨ ਤੇ ਬਾਦ ਵਿੱਚ ਉਹ ਸੂਬਾਈ ਕੈਬਿਨੇਟ ਮੰਤਰੀ ਵੀ ਰਹੇ। ਉਹਨਾਂ ਦੇ ਨਾਮ 'ਤੇ ਇਕ ਪਾਰਕ ਅਤੇ ਐਲਿਮੈਂਟਰੀ ਸਕੂਲਾਂ ਦੇ ਨਾਮ ਵੀ ਰੱਖੇ ਗਏ ਹਨ। ਨਵੰਬਰ 2015 ਵਿੱਚ ਮਨਮੀਤ ਭੁੱਲਰ ਦਾ 35 ਵਰ੍ਹਿਆਂ ਦੀ ਉਮਰ ਵਿੱਚ ਇਕ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਸੀ। ਗਵਰਨਮੈਂਟ ਹਾਊਸ ਲੀਡਰ ਜੇਸਨ ਨਿਕਸਨ ਨੇ ਇਸ ਸੰਬੰਧੀ ਬਿਲ ਪੇਸ਼ ਕੀਤਾ ਹੈ। 1971 ਵਿੱਚ ਸਥਾਪਿਤ ਹੋਈ ਕੈਲਗਰੀ-ਮੈੱਕੌਲ ਰਾਇਡਿੰਗ ਦਾ ਨਾਮ ਫ਼ਰੈਡਰਿਕ ਮੈੱਕੌਲ ਦੇ ਨਾਮ 'ਤੇ ਰੱਖਿਆ ਗਿਆ ਹੈ ਜਿਹੜੇ ਪਹਿਲੀ ਸੰਸਾਰ ਜੰਗ ਸਮੇਂ ਕੈਨੇਡਾ ਦੀ ਏਅਰ-ਫੋਰਸ ਦੇ ਮੈਂਬਰ ਸਨ ਤੇ ਉਹਨਾਂ ਦੂਜੀ ਸੰਸਾਰ ਜੰਗ ਵਿੱਚ ਵੀ ਹਿੱਸਾ ਲਿਆ ਸੀ। ਉਹ 22 ਜਨਵਰੀ 1949 ਨੂੰ 52 ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ ਸਨ।

**ਇਸ ਤੋਂ ਪਹਿਲਾਂ ਮੈੱਕੌਲ ਨਾਮ ਸੰਸਾਰ ਜੰਗ 'ਚ ਹਿੱਸਾ ਲੈਣ ਵਾਲੇ ਫ਼ੌਜੀ ਦੇ ਨਾਮ 'ਤੇ ਹੈ**

# ਰੂਪਨਗਰ ਜ਼ਿਲ੍ਹੇ ਦੇ ਸੀਨੀਅਰ ਪੱਤਰਕਾਰ ਬਹਾਦਰਜੀਤ ਸਿੰਘ ਕਾਂਗਰਸ ਵਿਚ ਸ਼ਾਮਲ

**• ਮੁੱਖ ਮੰਤਰੀ ਚੰਨੀ ਨੇ ਪਾਰਟੀ ਵਿਚ ਕਰਵਾਇਆ ਸ਼ਾਮਲ • ਬਹਾਦਰਜੀਤ ਸਿੰਘ ਵਰਗੇ ਹੋਣਹਾਰ,ਇਮਾਨਦਾਰ ਅਤੇ ਅਗਾਂਹਵਧੂ ਆਗੂਆਂ ਦੀ ਪਾਰਟੀ ਨੂੰ ਲੋੜ-ਚੰਨੀ**

ਰੂਪਨਗਰ-ਰੂਪਨਗਰ ਜ਼ਿਲ੍ਹੇ ਦੇ ਸੀਨੀਅਰ ਪੱਤਰਕਾਰ ਅਤੇ ਜ਼ਿਲ੍ਹਾ ਪ੍ਰੈੱਸ ਕਲੱਬਜ਼ ਐਸੋਸੀਏਸ਼ਨ ਰੂਪਨਗਰ ਦੇ ਪ੍ਰਧਾਨ ਸ੍ਰ ਬਹਾਦਰਜੀਤ ਸਿੰਘ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਸ੍ਰ। ਚਰਨਜੀਤ ਸਿੰਘ ਚੰਨੀ ਨੇ ਉਨ੍ਹਾਂ ਨੂੰ ਆਪਣੀ ਚੰਡੀਗੜ੍ਹ ਸਥਿਤ ਰਿਹਾਇਸ਼ ਤੇ ਇੱਕ ਸਾਦੇ ਪ੍ਰੋਗਰਾਮ ਦੌਰਾਨ ਕਾਂਗਰਸ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਸ੍ਰ ਚੰਨੀ ਨੇ ਸ੍ਰ। ਬਹਾਦਰਜੀਤ ਸਿੰਘ ਦਾ ਪਾਰਟੀ ਵਿੱਚ ਸ਼ਾਮਲ ਹੋਣ ਤੇ ਸਵਾਗਤ ਕਰਦਿਆਂ ਕਿਹਾ ਕਿ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇੱਕ ਹੋਣਹਾਰ,ਇਮਾਨਦਾਰ ਅਤੇ ਅਗਾਂਹਵਧੂ ਪੱਤਰਕਾਰ ਸ੍ਰ। ਬਹਾਦਰਜੀਤ ਸਿੰਘ ਕਾਂਗਰਸ਼ ਵਿੱਚ ਸ਼ਾਮਲ ਹੋਇਆ ਹੈ ਅਜਿਹੇ ਆਗੂਆਂ ਦੀ ਪਾਰਟੀ ਨੂੰ ਲੋੜ ਹੈ ।ਉਨ੍ਹਾਂ ਕਿਹਾ ਕਿ ਸ੍ਰ। ਬਹਾਦਰਜੀਤ ਸਿੰਘ ਇੱਕ ਵਧੀਆ ਪਰਿਵਾਰ ਨਾਲ ਸਬੰਧਤ ਹਨ,ਜਿਨ੍ਹਾਂ ਨੇ ਪੱਤਰਕਾਰ ਦੇ ਤੌਰ ਤੇ ਸਮਾਜ ਦੀ ਸੇਵਾ ਕੀਤੀ ਹੈ ਅਤੇ ਹੁਣ ਉਹ ਕਾਂਗਰਸ ਪਾਰਟੀ ਦੀ ਵੀ ਸੇਵਾ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰ। ਬਹਾਦਰਜੀਤ ਸਿੰਘ ਨੂੰ ਪਾਰਟੀ ਅੰਦਰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸ੍ਰ। ਬਹਾਦਰਜੀਤ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ,ਸਾਬਕਾ ਪ੍ਰਧਾਨ ਸ਼੍ਰੀ ਰਾਹੁਲ ਗਾਂਧੀ,ਮੁੱਖ ਮੰਤਰੀ ਸ੍ਰ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ



ਸ੍ਰ। ਨਵਜੋਤ ਸਿੰਘ ਸਿੱਧੂ ਦਾ ਧੰਨਵਾਦ ਕੀਤਾ। ਸ੍ਰ। ਬਹਾਦਰਜੀਤ ਸਿੰਘ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਦੀ ਗੱਲ ਹੈ ਕਿ ਉਹ ਇੱਕ ਧਰਮ ਨਿਰਪੱਖ ਸੋਚ ਰੱਖਣ ਵਾਲੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਮਜਬੂਤੀ ਲਈ ਤਨਦੇਹੀ ਨਾਲ ਕੰਮ ਕਰਨਗੇ ਉਨ੍ਹਾਂ ਜ਼ਿਲ੍ਹੇ ਦੇ ਸਮੂਹ ਪੱਤਰਕਾਰਾਂ ਦਾ ਵੱਲੋਂ ਦਿੱਤੇ ਗਏ ਸਹਿਯੋਗ ਲਈ ਵੀ ਧੰਨਵਾਦ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਸ੍ਰ। ਬਹਾਦਰਜੀਤ ਸਿੰਘ ਇੱਕ ਟਕਸਾਲੀ ਕਾਂਗਰਸੀ ਪਰਿਵਾਰ ਨਾਲ ਸਬੰਧਤ ਹਨ ਉਨ੍ਹਾਂ ਦੇ ਦਾਦਾ ਜੀ ਮਰਹੂਮ ਕਵੀਸ਼ਰ ਹਰਨਾਮ ਸਿੰਘ ਘਨੌਲੀ ਆਜ਼ਾਦੀ ਘੁਲਾਟੀਏ ਸਨ ਅਤੇ ਪਿਤਾ ਜੀ ਮਰਹੂਮ ਐਡਵੋਕੇਟ ਸ੍ਰ। ਹਜ਼ੂਰਾ ਸਿੰਘ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਮੈਂਬਰ ਰਹੇ ਸਨ ਉਨ੍ਹਾਂ ਦੀ ਮਾਤਾ ਜੀ ਮਰਹੂਮ ਕਰਮਜੀਤ ਕੌਰ ਉੱਘੀ ਸਮਾਜ ਸੇਵਿਕਾ ਸਨ। ਸ੍ਰ, ਬਹਾਦਰਜੀਤ ਸਿੰਘ ਲਾਅ ਗਰੈਜੂਏਟ ਹਨ ਅਤੇ ਉਨ੍ਹਾਂ ਮਾਸਟਰ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਕੀਤੀ ਹੋਈ ਹੈ ਉਹ ਪਿਛਲੇ ਢਾਈ ਦਹਾਕਿਆਂ ਤੋਂ ਪੱਤਰਕਾਰੀ ਨਾਲ ਜੁੜੇ ਹੋਏ ਸਨ ਅਤੇ ਵੱਖ-ਵੱਖ ਪ੍ਰਮੁੱਖ ਅਦਾਰਿਆਂ ਵਿੱਚ ਸੇਵਾਵਾਂ ਨਿਭਾਅ ਚੁੱਕੇ ਹਨ ਉਹ ਜ਼ਿਲ੍ਹਾ ਪ੍ਰੈੱਸ ਕਲੱਬਜ਼ ਐਸੋਸੀਏਸ਼ਨ ਦੇ ਪ੍ਰਧਾਨ ਹੋਣ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ ਅਤੇ ਉਹ ਲਗਾਤਾਰ 12 ਸਾਲ ਰੂਪਨਗਰ ਪ੍ਰੈੱਸ ਕਲੱਬ ਦੇ ਪ੍ਰਧਾਨ ਰਹੇ ਸਨ। ਉਹ ਕਈ ਸਰਕਾਰੀ ਕਮੇਟੀਆਂ ਦੇ ਮੈਂਬਰ ਵੀ ਰਹੇ ਉਨ੍ਹਾਂ ਨੇ ਹੁਣ ਰਾਜਨੀਤੀ ਵਿੱਚ ਪੈਰ ਧਰ ਕੇ ਨਵੀਂ ਪਾਰੀ ਦੀ ਸ਼ੁਰੂਆਤ ਕੀਤੀ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

## ——— ਬੀ.ਸੀ. ਦੇ ਹੜ੍ਹਾਂ ਦਾ ਮਾਮਲਾ ———

# ਸਟਾਫ ਦੀ ਗੰਭੀਰ ਘਾਟ ਦੀ ਇਕ ਦਹਾਕਾ ਪਹਿਲਾਂ ਦਿੱਤੀ ਸੀ ਚਿਤਾਵਨੀ

ਵਿਕਟੋਰੀਆ-ਕੈਨੇਡੀਅਨ ਸੈਂਟਰ ਫਾਰ ਪਾਲਿਸੀ ਆਲਟਰਨੇਟਿਵਸ ਵਲੋਂ ਪ੍ਰਕਾਸ਼ਤ ਕੀਤੀ ਨਵੀਂ ਜਾਂਚ ਵਿਚ ਚਿਤਾਵਨੀ ਨੂੰ ਉਜਾਗਰ ਕੀਤਾ ਗਿਆ ਹੈ। ਬੀਸੀ ਸਰਕਾਰ ਨੂੰ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਚਿਤਾਵਨੀ ਦਿੱਤੀ ਗਈ ਸੀ ਕਿ ਰਿਵਰ ਫੋਰਕਾਸਟ ਸੈਂਟਰ ਵਿਖੇ ਸਟਾਫ ਦੀ ਭਾਰੀ ਘਾਟ ਹੈ ਜਿਸ ਕਾਰਨ ਸਮੇਂ ਸਿਰ ਜਾਣਕਾਰੀ ਨਾ ਮਿਲਣ ਕਰਕੇ ਲੋਕ ਖ਼ਤਰੇ ਵਿਚ ਪੈ ਸਕਦੇ ਹਨ। ਇਹ ਚਿਤਾਵਨੀ ਵਾਤਾਵਰਣ ਮੰਤਰਾਲੇ ਦੀ ਸੀਨੀਅਰ ਰੈਂਕ ਦੇ ਸਾਬਕਾ ਮੈਂਬਰ ਜਿਮ ਮੈਟੀਸਨ ਵਲੋਂ 2010 ਵਿਚ ਲਿਖੀ ਰਿਪੋਰਟ ਵਿਚ ਸ਼ਾਮਿਲ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇਕਰ ਹੜ੍ਹਾਂ ਤੋਂ ਖਤਰੇ ਬਾਰੇ ਕਮਜ਼ੋਰ ਕਮਿਊਨਿਟੀਸ ਨੂੰ ਪ੍ਰਭਾਵੀ ਅਹਿਮ ਚਿਤਾਵਨੀਆਂ ਮੁਹੱਈਆ ਕਰਨੀਆਂ ਹਨ ਤਾਂ ਸੈਂਟਰ ਵਿਖੇ 5.5 ਮੁਲਾਜ਼ਮਾਂ ਤੋਂ ਘੱਟੋ ਘੱਟ ਦੁੱਗਣੇ 12 ਮੁਲਾਜ਼ਮ ਰੱਖਣ ਦੀ ਲੋੜ ਹੈ। ਸੀਸੀਪੀ ਨੇ ਕਿਹਾ ਕਿ ਰਿਵਰ ਫੋਰਕਾਸਟ ਸੈਂਟਰ ਦੇ ਮੁਲਾਜ਼ਮਾਂ ਦੀ ਗਿਣਤੀ ਦਾ ਪੱਧਰ ਅੱਜ ਤਕ ਉਹੀ ਰਿਹਾ ਹੈ। ਇਕ ਬਿਆਨ ਵਿਚ ਸੀਸੀਪੀਏ ਦੇ ਸਰੋਤ ਨੀਤੀ ਵਿਸ਼ਲੇਸ਼ਕ ਬੇਨ ਪਰਫਿਟ ਨੇ ਕਿਹਾ ਕਿ ਰਿਵਰ ਸੈਂਟਰ ਦੀਆਂ ਦੇਰੀ ਵਾਲੀਆਂ ਚਿਤਾਵਨੀਆਂ ਕਾਰਨ ਪਿਛਲੇ ਮਹੀਨੇ ਐਬਟਸਫੋਰਡ, ਮੇਰਿਟ, ਪ੍ਰਿੰਸਟਨ ਅਤੇ ਫਸਟ ਨੇਸ਼ਨ ਕਮਿਊਨਿਟੀਸ ਵਿਚ ਵਿਨਾਸ਼ਕਾਰੀ ਹੜ੍ਹ ਆਏ ਹਨ ਅਤੇ ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ।

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਕੈਨੇਡੀਅਨ ਕਿਸ਼ੋਰ ਨੂੰ ਲੁਭਾਉਣ ਵਾਲਾ ਅਮਰੀਕੀ ਵਿਅਕਤੀ ਗ੍ਰਿਫ਼ਤਾਰ

ਸਰੀ-ਇਕ ਕੈਨੇਡੀਅਨ ਕਿਸ਼ੋਰ ਨੂੰ ਸੋਸ਼ਲ ਮੀਡੀਆ ਰਾਹੀਂ ਫੁਸਲਾਉਣ ਵਾਲੇ ਇਕ ਅਮਰੀਕੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਰੀ ਵਿਚ ਪੁਲਿਸ ਨੇ ਦੱਸਿਆ ਕਿ ਇਸ ਸਬੰਧੀ ਜਾਂਚ ਇਸ ਪਤਝੜ ਦੇ ਸ਼ੁਰੂ ਵਿਚ ਡਿਟੈਚਮੈਂਟ ਅਤੇ ਅਮਰੀਕਾ ਦੇ ਹੋਮਲੈਂਡ ਸਕਿਉਰਟੀ ਵਿਭਾਗ ਨੇ ਕੀਤੀ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਵਿਅਕਤੀ ਨੇ ਸਤੰਬਰ ਦੇ ਸ਼ੁਰੂ ਵਿਚ ਸਰੀ ਵਿਚ ਰਹਿੰਦੇ 14 ਸਾਲਾ ਕਿਸ਼ੋਰ ਨਾਲ ਗੱਲਬਾਤ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ। 35 ਸਾਲਾ ਕਥਿਤ ਦੋਸ਼ੀ ਓਰੇਗਨ ਦਾ ਰਹਿਣ ਵਾਲਾ ਅਤੇ ਪੁਲਿਸ ਨੇ ਇਹ ਨਹੀਂ ਦੱਸਿਆ ਕਿ ਉਸ ਨੇ ਕਿਸ਼ੋਰ ਨਾਲ ਸੰਪਰਕ ਕਰਨ ਲਈ ਕਿਹੜੇ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ। ਉਸ ਨੇ ਕਿਸ਼ੋਰ ਨੂੰ ਫਿਰ ਜਿਣਸੀ ਮਕਸਦ ਲਈ ਤਿਆਰ ਕੀਤਾ ਅਤੇ ਉਸ ਨੂੰ ਖੁਦ ਦੀ ਜਿਣਸੀ ਸਮੱਗਰੀ ਬਣਾਉਣ ਤੇ ਵਿਤਰਣ ਕਰਨ ਲਈ ਮਜ਼ਬੂਰ ਕੀਤਾ। ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਕਿਵੇਂ ਆਇਆ ਪਰ ਕਿਹਾ ਕਿ ਜਾਂਚ ਅਧਿਕਾਰੀਆਂ ਨੇ ਸਬੂਤ ਇਕੱਤਰ ਕਰਨ ਲਈ ਪੀੜਤ ਨਾਲ ਕੰਮ ਕੀਤਾ ਹੈ। ਉਸ ਨੂੰ ਕੈਲੀਫੋਰਨੀਆ ਵਿਚ 18 ਨਵੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅਮਰੀਕਾ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਇਟਲੀ 'ਚ ਕ੍ਰਿਸਮਸ ਦੇ ਤਿਉਹਾਰ ਤੋਂ ਪਹਿਲਾਂ ਸ਼ੁਰੂ ਹੋਵੇਗਾ 5 ਤੋਂ 11 ਸਾਲ ਦੇ ਬੱਚਿਆਂ ਲਈ ਐਂਟੀ ਕੋਵਿਡ ਵੈਕਸੀਨ ਦਾ ਟੀਕਾਕਰਨ

## ਇਟਲੀ ਦੀ ਮੈਡੀਸ਼ਨ ਏਜੰਸੀ ਏ.ਆਈ.ਐਫ.ਏ. ਵੱਲੋਂ ਬੱਚਿਆਂ ਦੇ ਟੀਕਾਕਾਰਨ ਨੂੰ ਦਿੱਤੀ ਮਨਜ਼ੂਰੀ

ਰੋਮ (ਇਟਲੀ) (ਗੁਰਸ਼ਰਨ ਸਿੰਘ ਸਿਆਣ)-ਇਟਲੀ ਸਰਕਾਰ ਵਲੋਂ ਦੇਸ਼ ਵਿਚੋਂ ਕੋਰੋਨਾ ਮਹਾਮਾਰੀ ਨੂੰ ਜੜ੍ਹ ਤੋ ਖ਼ਤਮ ਕਰਨ ਲਈ ਹਰ ਤਰ੍ਹਾਂ ਦੇ ਢੰਗ ਤਰੀਕੇ ਅਪਣਾ ਰਹੀ ਹੈ ਕਿਉਕਿ ਬੀਤੇ ਸਮੇਂ ਦੌਰਾਨ ਇਟਲੀ ਨੂੰ ਕੋਵਿਡ ਮਹਾਮਾਰੀ ਕਰਕੇ ਭਾਰੀ ਖਮਿਆਜਾ ਭੁਗਤਣਾ ਪਿਆ ਸੀ ਅਤੇ ਹੁਣ ਇਟਲੀ ਸਰਕਾਰ ਵਲੋਂ ਇਸ ਮਹੀਨੇ ਕੋਵਿਡ-19 ਮਹਾਮਾਰੀ ਨੂੰ ਰੋਕਣ ਲਈ ਤਿਆਰ ਕੀਤੀ ਐਂਟੀ ਕੋਵਿਡ ਵੈਕਸ਼ੀਨ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਤੇ ਸ਼ੁਰੂ ਕਰਨ ਜਾ ਰਹੀ ਹੈ, ਇਟਲੀ ਦੀ ਨੈਸ਼ਨਲ ਦਵਾਈਆਂ ਦੀ ਏਜੰਸੀ ਨੇ ਇਸ ਉਮਰ ਸਮੂਹ ਵਿੱਚ ਫਾਈਜ਼ਰ ਕੰਪਨੀ ਦੀ ਵਰਤੋਂ ਕਰਨ ਲਈ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਹੈ। ਜਿਸ ਵਿੱਚ ਛੋਟੇ ਬੱਚਿਆਂ ਨੂੰ ਖੁਰਾਕ ਦਾ ਤੀਜਾ ਹਿੱਸਾ ਮਿਲੇਗਾ ਜੋ ਬਾਲਗ ਵਰਗ ਨੂੰ ਮਿਲ ਰਿਹਾ ਹੈ, ਦੋ ਖੁਰਾਕਾਂ ਦੇ ਰੂਪ ਵਿੱਚ ਇੱਕ ਤੋਂ ਤਿੰਨ ਹਫ਼ਤਿਆਂ ਦੀ ਦੂਰੀ 'ਤੇ ਐਂਟੀ ਕੋਵਿਡ ਵੈਕਸ਼ੀਨ ਲਗਵਾਈ ਜਾਵੇਗੀ, ਇਟਲੀਅਨ ਮੈਡੀਸ਼ਨ ਏਜੰਸੀ ਏ,ਆਈ,ਐਫ,ਏ, ਨੇ ਯੂਰਪੀਅਨ ਮੈਡੀਸ਼ਨ ਏਜੰਸੀ (ਈਐਮਏ) ਦੁਆਰਾ 5 ਤੋ 11 ਸਾਲ ਦੇ ਬੱਚਿਆਂ ਲਈ ਕੋਵਿਡ ਜੈਬ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਹਰੀ ਝੰਡੀ ਦੇ



ਦਿੱਤੀ ਹੈ, ਅਤੇ ਕਿਹਾ ਕਿ ਫਾਈਜ਼ਰ ਕੰਪਨੀ ਦੀ ਵੈਕਸੀਨ "ਉੱਚ ਪੱਧਰ ਦੀ ਪ੍ਰਭਾਵਸ਼ੀਲਤਾ ਦਰਸਾਉਂਦੀ ਹੈ, ਇਟਲੀ ਦੇ ਹੈਲਥ ਅੰਡਰ ਸੈਕਟਰੀ ਐਂਦਰੀਆ ਕੋਸਟਾ ਨੇ ਕਿਹਾ ਕਿ ਇਸਦਾ ਉਦੇਸ਼ ਕ੍ਰਿਸਮਸ ਤਿਉਹਾਰ ਤੋਂ ਪਹਿਲਾਂ 5 ਤੋਂ 11 ਸਾਲ ਦੇ ਬੱਚਿਆਂ ਨੂੰ ਕੋਵਿਡ ਲਈ ਟੀਕਾਕਰਨ ਸ਼ੁਰੂ ਕਰਨਾ ਸੀ,ਉਧਰ ਇਟਲੀ ਦੇ ਸੱਜੇ-ਪੱਖੀ ਲੀਗ ਪਾਰਟੀ ਆਗੂ ਮਾਤੇਓ ਸਾਲਵੀਨੀ ਨੇ ਕਿਹਾ ਕਿ 5 ਤੋ 11 ਸਾਲ ਉਮਰ ਦੇ ਬੱਚਿਆਂ ਲਈ ਐਂਟੀ ਕੋਵਿਡ ਵੈਕਸ਼ੀਨ ਦੀ ਕੋਈ ਜ਼ਿੰਮੇਵਾਰੀ ਸਰਕਾਰ ਦੀ ਨਹੀਂ ਹੋਣੀ ਚਾਹੀਦੀ, ਸਗੋ ਕਿ ਉਨ੍ਹਾਂ ਬੱਚਿਆ ਦੇ"ਮਾਂ ਅਤੇ ਪਿਤਾ ਜੀ ਨੂੰ ਫੈਸਲਾ ਕਰਨਾ ਚਾਹੀਦਾ ਹੈ,ਕਿ ਉਹ ਆਪਣੇ ਬੱਚਿਆਂ ਨੂੰ ਕੋਵਿਡ ਦੀ ਵੈਕਸੀਨ ਲਗਵਾਉਣਾ ਚਾਹੁੰਦੇ ਹਨ ਜਾਂ ਨਹੀਂ, ਦੱਸਣਯੋਗ ਹੈ ਕਿ ਇਟਲੀ ਸਰਕਾਰ ਵਲੋਂ ਦੇਸ਼ ਦੇ ਨਾਗਰਿਕਾਂ ਨੂੰ ਕੋਰੋਨਾ ਵਾਇਰਸ ਦੇ ਪ੍ਰਕੋਪ ਤੋਂ ਹਰ ਪਹਿਲੂ ਤੋਂ ਬਚਾ ਕਰ ਰਹੀ ਹੈ ਕਿਉਂਕਿ ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਦੀ ਸ਼ੁਰੂਆਤ ਤੋਂ ਲੈਕੇ ਹੁਣ ਤੱਕ ਇਟਲੀ ਵਿੱਚ ਬਹੁਤ ਜ਼ਿਆਦਾ ਜਾਨੀ ਨੁਕਸਾਨ ਦੇ ਨਾਲ ਨਾਲ ਮਾਲੀ ਨੁਕਸਾਨ ਵੀ ਹੋਇਆ ਹੈ, ਅਤੇ ਦੂਜੇ ਪਾਸੇ ਇਟਲੀ ਵਿੱਚ ਜਿਨ੍ਹਾਂ ਲੋਕਾਂ ਨੇ ਐਂਟੀ ਕੋਵਿਡ ਵੈਕਸੀਨ ਦੀ ਅਜੇ ਤੱਕ ਕੋਈ ਵੀ ਖੁਰਾਕ ਨਹੀਂ ਲਈ ਉਨ੍ਹਾਂ ਵਲੋਂ ਆਏ ਦਿਨ ਇਸ ਵੈਕਸੀਨ ਦਾ ਵਿਰੋਧ ਕੀਤਾ ਜਾ ਰਿਹਾ ਅਤੇ ਇਸ ਦੇ ਨਾਲ ਨਾਲ ਕਈ ਥਾਵਾਂ ਤੇ ਗਰੀਨ ਪਾਸ ਦੇ ਵਿਰੁੱਧ ਵੀ ਭਾਰੀ ਰੋਸ ਪ੍ਰਦਰਸ਼ਨ ਕੀਤੇ ਜਾ ਚੁੱਕੇ ਹਨ ਹੁਣ ਦੇਖਣਾ ਹੋਵੇਗਾ ਕਿ ਇਨ੍ਹਾਂ ਹਲਾਤਾਂ ਵਿੱਚ ਇਟਲੀ ਸਰਕਾਰ ਦਾ ਬੱਚਿਆਂ ਦੇ ਲਈ ਐਂਟੀ ਕੋਵਿਡ ਵੈਕਸੀਨ ਦੀ ਸ਼ੁਰੂਆਤ ਕਿੰਨੀ ਕ ਜ਼ਿਆਦਾ ਕਾਮਯਾਬੀ ਹਾਸਲ ਕਰੇਗੀ ਇਹ ਤਾ ਆਉਣ ਵਾਲਾ ਸਮਾਂ ਦੱਸੇਗਾ

# ਸਿਰਸਾ ਨੂੰ ਬੰਦੂਕ ਦੀ ਨੋਕ ਤੇ ਭਾਜਪਾ ਵਿਚ ਸ਼ਾਮਿਲ ਕਰਵਾਇਆ-ਸੁਖਬੀਰ ਸਿੰਘ ਬਾਦਲ

ਜਲੰਧਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਭਾਜਪਾ 'ਚ ਸ਼ਾਮਲ ਹੋਣ ਬਾਰੇ ਕਿਹਾ ਕਿ ਸਿਰਸਾ ਨੂੰ ਬੰਦੂਕ ਨਾਲ ਡਰ ਕੇ ਭਾਜਪਾ 'ਚ ਸ਼ਾਮਲ ਕਰਵਾਇਆ ਗਿਆ ਹੈ। ਉਹ ਅੱਜ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਬਲਵਿੰਦਰ ਕੁਮਾਰ ਦੇ ਹੱਕ ਵਿੱਚ ਕਰਤਾਰਪੁਰ ਹਲਕੇ 'ਚ ਰੈਲੀ ਕਰਨ ਲਈ ਆਏ ਹੋਏ ਸਨ। ਸ੍ਰੀ ਬਾਦਲ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਮਨਜਿੰਦਰ ਸਿਰਸਾ ਵੱਲੋਂ ਭੇਜਿਆ ਗਿਆ ਵ੍ਹਟਸਐਪ ਸੰਦੇਸ਼ ਵੀ ਦਿਖਾਇਆ, ਜਿਸ ਵਿੱਚ ਉਨ੍ਹਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫਆਈਆਰ ਦੀ ਕਾਪੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਸਿਰਸਾ ਨੇ ਉਨ੍ਹਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਭਾਜਪਾ ਵੱਲੋਂ ਉਨ੍ਹਾਂ ਨੂੰ ਧਮਕਾਇਆ ਗਿਆ ਸੀ ਕਿ ਜਾਂ ਉਹ ਅਕਾਲੀ ਦਲ ਨੂੰ ਛੱਡ ਦੇਣ ਤੇ ਜਾਂ ਫਿਰ ਜੇਲ੍ਹ ਜਾਣ ਲਈ ਤਿਆਰ ਰਹਿਣ। ਭਾਜਪਾ ਵੱਲੋਂ ਉਨ੍ਹਾਂ ਦੇ ਪਰਿਵਾਰ ਤੇ ਕਾਰੋਬਾਰ ਨੂੰ ਤਬਾਹ ਕਰਨ ਦੀ ਧਮਕੀ ਵੀ ਦਿੱਤੀ ਗਈ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਕਿਸਾਨਾਂ ਦੇ ਮੁੱਦਿਆਂ 'ਤੇ ਭਾਜਪਾ ਨਾਲੋਂ ਨਾਤਾ ਤੋੜਨ ਮਗਰੋਂ ਕੇਂਦਰ ਵੱਲੋਂ ਅਕਾਲੀ ਦਲ ਨਾਲ ਕਿੜ ਕੱਢੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ 11 ਜਣਿਆਂ 'ਤੇ ਪਰਚੇ ਦਰਜ ਕਰਵਾਏ ਗਏ ਹਨ। ਸੁਖਬੀਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਮਨਜਿੰਦਰ ਸਿੰਘ ਸਿਰਸਾ ਕੇਂਦਰ ਸਰਕਾਰ ਦਾ ਦਬਾਅ ਨਹੀਂ ਝੱਲ ਸਕੇ। ਇਸ ਦੌਰਾਨ ਸੁਖਬੀਰ ਬਾਦਲ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ ਤੇ ਆਸ਼ੀਰਵਾਦ ਲਿਆ।




*We are able to do the following by phone, email, and walk-in:*

- Renewals
- Some Changes to Autoplan
- Parking Or Storage Insurance, Permits

**The following is insurance to be done as walk -in to the office:**

- New Plates and New Policies
- Changes to Autoplan
- Cancellations, Permits
- We also sell Home, Business, and Travel Insurance

*We practice social distancing*

*Visit us at one of our two locations during the following hours for walk-ins service:*

**Nationwide Insurance Agency Ltd.**
Mon-Friday 9:00 am to 8:00 pm, Sat – 9:00 to 5:00 pm
Sun 10:00 to 6:00 pm, Open on Stat holidays

**Alpine Insurance Agencies Ltd.**
Mon-Friday 9:00 am to 6:00 pm, Sat – 9:00 to 4:00 pm
#109 – 4061 200 St., Langley, BC



**Rad**
NATIONWIDE INSURANCE AGENCY 2018 LTD.
T: 604.562.1234
#104-9093-King George Blvd, Surrey BC
info@nationwideltd.ca
www.nationwideltd.ca




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕਿਸਾਨ ਯੂਨੀਅਨਾਂ ਵਲੋਂ ਐਮ. ਐਸ. ਪੀ. ਗਾਰੰਟੀ ਤੇ ਹੋਰ ਮਸਲਿਆਂ...

ਸਫ਼ਾ 1 ਦੀ ਬਾਕੀ

ਦੱਸਿਆ ਕਿ 3 ਦਸੰਬਰ ਨੂੰ ਮੁੜ ਨਜ਼ਰਸਾਨੀ ਬੈਠਕ ਕੀਤੀ ਜਾਵੇਗੀ, ਪਰ ਜਦੋਂ ਤੱਕ ਕੇਂਦਰ ਸਰਕਾਰ ਹਰ ਮੰਗ ਬਾਰੇ ਲਿਖਤੀ ਰਸਮੀ ਕਾਰਵਾਈ ਸ਼ੁਰੂ ਨਹੀਂ ਕਰਦੀ, ਉਦੋਂ ਤੱਕ ਮੋਰਚਾ ਜਿਉਂ ਦਾ ਤਿਉਂ ਕਾਇਮ ਰਹੇਗਾ। ਮੋਰਚਾ 4 ਦਸੰਬਰ ਨੂੰ ਬੈਠਕ ਕਰਕੇ ਢੁੱਕਵਾਂ ਫ਼ੈਸਲਾ ਲਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਅਰਬਾਂ ਰੁਪਏ ਮੋਰਚੇ ਦੀ ਚੌਕਸੀ ਲਈ ਖਰਚ ਸਕਦੀ ਹੈ, ਪਰ ਸ਼ਹੀਦ ਕਿਸਾਨਾਂ ਦੇ ਨਾਂ ਉਸ ਕੋਲ ਕੋਈ ਜਾਣਕਾਰੀ ਨਹੀਂ ਹੈ। ਕਿਸਾਨ ਆਗੂ ਬੋਘ ਸਿੰਘ ਮਾਨਸਾ ਨੇ ਕਿਹਾ ਕਿ ਫੰਡ ਵੀ ਚੰਗਾ ਆਇਆ ਤੇ ਖਰਚ ਵੀ ਖਾਸਾ ਹੋਇਆ ਕਿਉਂਕਿ ਅੰਦੋਲਨ ਲੰਬਾ ਚੱਲਿਆ। ਕਿਸਾਨ ਆਗੂਆਂ ਨੇ ਖਦਸ਼ੇ ਪ੍ਰਗਟਾਏ ਕਿ ਅਜੇ ਵੀ ਅੰਦੋਲਨ ਲੰਬਾ ਚੱਲ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਖ਼ਮੀਆਂ ਦੇ ਬਿੱਲ ਪਹਿਲਾਂ ਦਿੱਤੇ ਜਾਣਗੇ ਤੇ ਮ੍ਰਿਤਕਾਂ ਨੂੰ ਮੁਆਵਜ਼ੇ ਲਈ ਸਰਕਾਰਾਂ ਉਪਰ ਦਬਾਅ ਪਾਇਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਲਿਖਤੀ ਪੱਤਰ ਆਉਣ ਮਗਰੋਂ ਹੀ ਗੱਲਬਾਤ ਹੋਵੇਗੀ।



# ਮਨਜਿੰਦਰ ਸਿੰਘ ਸਿਰਸਾ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਛੱਡਕੇ ਭਾਜਪਾ ਵਿਚ ਸ਼ਾਮਿਲ

ਸਫ਼ਾ 1 ਦੀ ਬਾਕੀ

ਮੰਤਰੀਆਂ ਧਰਮਿੰਦਰ ਪ੍ਰਧਾਨ ਅਤੇ ਗਜੇਂਦਰ ਸਿੰਘ ਸ਼ੇਖਾਵਤ ਦੀ ਮੌਜੂਦਗੀ ਵਿਚ ਭਾਜਪਾ 'ਚ ਸ਼ਾਮਲ ਹੋਏ। ਸ਼ੇਖਾਵਤ ਜੋ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਇੰਚਾਰਜ ਹਨ, ਨੇ ਕਿਹਾ ਕਿ ਸਿਰਸਾ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਦਦਗਾਰ ਸਾਬਿਤ ਹੋਵੇਗਾ। ਸਿਰਸਾ ਕੌਮੀ ਰਾਜਧਾਨੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਪ੍ਰਮੁੱਖ ਚਿਹਰਾ ਰਹੇ ਹਨ ਅਤੇ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਵੱਡੇ ਸਮਰਥਕ ਸਨ। ਸੰਸਦ ਨੇ ਹਾਲ ਹੀ ਵਿੱਚ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਇੱਕ ਬਿੱਲ ਪਾਸ ਕੀਤਾ ਹੈ ਜਿਸ ਨੂੰ ਭਾਜਪਾ ਵੱਲੋਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬ ਦੇ ਸਿੱਖ ਹਨ, ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ ਹੈ। ਸ੍ਰੀ ਪ੍ਰਧਾਨ ਨੇ ਕਿਹਾ ਕਿ ਸਿਰਸਾ ਦੇ ਸ਼ਾਮਲ ਹੋਣ ਨਾਲ ਭਾਜਪਾ ਹੋਰ ਮਜ਼ਬੂਤ ਹੋਵੇਗੀ ਅਤੇ ਸਿਰਸਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਛੱਡ ਦਿੱਤਾ ਹੈ। ਸਿਰਸਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰਦੇ ਹੋਏ ਇੱਕ ਟਵੀਟ ਵਿੱਚ ਕਿਹਾ, "ਮੇਰੇ ਨਾਲ ਕੰਮ ਕਰਨ ਵਾਲੇ ਸਾਰੇ ਅਹੁਦੇਦਾਰਾਂ, ਮੈਂਬਰਾਂ, ਸਟਾਫ਼ ਤੇ ਲੋਕਾਂ ਦਾ ਧੰਨਵਾਦ। ਮੈਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ। ਮੈਂ ਆਉਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅੰਦਰੂਨੀ ਚੋਣਾਂ ਨਹੀਂ ਲੜਾਂਗਾ। ਆਪਣੇ ਭਾਈਚਾਰੇ, ਮਨੁੱਖਤਾ ਤੇ ਦੇਸ਼ ਦੀ ਸੇਵਾ ਕਰਨ ਲਈ ਮੇਰੀ ਉਹੀ ਵਚਨਬੱਧਤਾ ਬਰਕਰਾਰ ਹੈ।" ਸਿਰਸਾ ਨੇ ਭਾਜਪਾ ਦੀ ਟਿਕਟ 'ਤੇ ਰਾਜੌਰੀ ਗਾਰਡਨ ਤੋਂ 2017 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਤੇ ਜਿੱਤੀਆਂ ਸਨ।

# ਮੁੱਖ ਮੰਤਰੀ ਚੰਨੀ ਵੱਲੋਂ 72 ਦਿਨਾਂ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ ਪੇਸ਼

ਸਫ਼ਾ 1 ਦੀ ਬਾਕੀ

ਚੰਨੀ ਨੇ ਵਿਰੋਧੀ ਧਿਰਾਂ ਨੂੰ ਚੁਣੌਤੀ ਦਿੱਤੀ ਕਿ ਉਹ ਅਜਿਹਾ ਇਕ ਵੀ ਫੈਸਲਾ ਗਿਣਾਉਣ, ਜੋ ਉਨ੍ਹਾਂ (ਚੰਨੀ) ਨੇ ਲਿਆ ਹੋਵੇ ਤੇ ਹਕੀਕੀ ਰੂਪ ਵਿਚ ਲਾਗੂ ਨਾ ਹੋਇਆ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਜਲਦ ਹੀ ਉਹ ਬਾਕੀ ਮਸਲੇ ਵੀ ਹੱਲ ਕਰ ਦੇਣਗੇ। ਮੁੱਖ ਮੰਤਰੀ ਚੰਨੀ ਨੇ ਰਿਪੋਰਟ ਕਾਰਡ ਪੇਸ਼ ਕਰਨ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਸਿਆਸੀ ਟਕੋਰਾਂ ਵੀ ਕੀਤੀਆਂ। ਉਨ੍ਹਾਂ 13 ਨੁਕਾਤੀ ਏਜੰਡੇ ਦੀ ਗੱਲ ਕਰਦਿਆਂ ਕਿਹਾ ਕਿ ਜਿਨ੍ਹਾਂ ਨੂੰ ਵਿਸ਼ਵਾਸ਼ ਨਹੀਂ ਹੈ, ਉਨ੍ਹਾਂ ਨੂੰ ਰਿਪੋਰਟ ਕਾਰਡ ਦੇਖ ਕੇ ਯਕੀਨ ਆ ਜਾਵੇਗਾ। ਚੰਨੀ ਨੇ ਕਿਹਾ ਕਿ ਸੂਬਾ ਸਰਕਾਰ ਪਾਰਟੀ ਦੀਆਂ ਨੀਤੀਆਂ ਨੂੰ ਹੀ ਲਾਗੂ ਕਰ ਰਹੀ ਹੈ। ਮੁੱਖ ਮੰਤਰੀ ਨੇ ਅੱਜ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ ਨੂੰ ਨਿਸ਼ਾਨੇ 'ਤੇ ਰੱਖਿਆ। ਉਨ੍ਹਾਂ ਵਿਰੋਧੀਆਂ 'ਤੇ ਤਨਜ਼ ਕਸਦੇ ਹੋਏ ਕਿਹਾ, "ਮੈਂ ਐਲਾਨਜੀਤ ਨਹੀਂ, ਪਰ ਵਿਸ਼ਵਾਸਜੀਤ ਜ਼ਰੂਰ ਹਾਂ, ਜੋ ਕਹਿੰਦਾ ਹਾਂ, ਉਹ ਕਰਦਾ ਹਾਂ, ਹਰ ਫੈਸਲੇ ਨੂੰ ਹਕੀਕਤ 'ਚ ਲਾਗੂ ਕੀਤਾ ਹੈ।' ਉਨ੍ਹਾਂ ਕਿਹਾ ਕਿ 'ਲੋਕ ਆਖਦੇ ਹਨ, 'ਚੰਨੀ ਸਰਕਾਰ' ਪਰ ਮੈਂ ਇਸ ਨੂੰ 'ਚੰਗੀ ਸਰਕਾਰ' ਆਖਦਾ ਹਾਂ, ਜੋ ਸਭ ਵਰਗਾਂ ਲਈ ਅਤੇ ਆਮ ਲੋਕਾਂ ਦੀ ਸਰਕਾਰ ਹੈ। ਜੋ ਕਿਹਾ ਜਾਂਦਾ ਹੈ, ਉਹ ਕਾਨੂੰਨ ਬਣਦਾ ਹੈ, ਜੋ ਲੋਕ ਲੋੜਾਂ 'ਤੇ ਅਧਾਰਿਤ ਹੁੰਦਾ ਹੈ।" ਚੰਨੀ ਨੇ ਕਿਹਾ ਕਿ ਵਿਰੋਧੀ ਧਿਰਾਂ ਸਾਰੇ ਫੈਸਲੇ ਲਾਗੂ ਹੋਣ ਤੋਂ ਤਕਲੀਫ਼ 'ਚ ਹਨ। ਉਨ੍ਹਾਂ ਕੇਜਰੀਵਾਲ ਨੂੰ ਕਿਹਾ ਕਿ ਉਹ ਪੰਜਾਬ ਦੇ ਲੋਕ ਪੱਖੀ ਏਜੰਡੇ ਨੂੰ ਦਿੱਲੀ ਵਿਚ ਵੀ ਲਾਗੂ ਕਰਨ। ਮੁੱਖ ਮੰਤਰੀ ਨੇ ਕਿਹਾ ਕਿ 'ਪੰਜਾਬ ਕੋਈ ਸ਼ਾਮਲਾਟ ਨਹੀਂ, ਜੋ ਮਰਜ਼ੀ ਆ ਕੇ ਦੱਬ ਲਵੇ'। ਚੰਨੀ ਨੇ ਕਿਹਾ ਕਿ ਉਹ 'ਆਪ' ਦਾ ਝੂਠ ਪੰਜਾਬ ਵਿੱਚ ਚੱਲਣ ਨਹੀਂ ਦੇਣਗੇ।ਚੰਨੀ ਨੇ 'ਆਪ' ਨੂੰ ਘੇਰਨ ਲਈ ਖਪਤਕਾਰਾਂ ਦੇ ਬਿਜਲੀ ਦੇ 'ਜ਼ੀਰੋ ਬਿੱਲ' ਵੀ ਦਿਖਾਏ। ਉਨ੍ਹਾਂ ਕਿਹਾ



ਕਿ ਬਿਜਲੀ ਦਰਾਂ ਵਿਚ ਤਿੰਨ ਰੁਪਏ ਦੀ ਕਟੌਤੀ ਦਾ 68 ਲੱਖ ਲੋਕਾਂ ਨੂੰ ਫਾਇਦਾ ਪੁੱਜਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਗੱਠਜੋੜ ਸਰਕਾਰ ਸਮੇਂ ਜੋ ਸੂਰਜੀ ਊਰਜਾ 17.91 ਰੁਪਏ ਖਰੀਦੀ ਗਈ, ਉਹ ਸਿਰਫ਼ 2.34 ਪ੍ਰਤੀ ਯੂਨਿਟ ਦੇ ਹਿਸਾਬ ਨਾਲ ਖਰੀਦ ਰਹੇ ਹਨ। ਇਸੇ ਤਰ੍ਹਾਂ ਬਿਜਲੀ ਸਮਝੌਤੇ ਰੱਦ ਕੀਤੇ ਗਏ ਹਨ। ਪੇਂਡੂ ਤੇ ਸ਼ਹਿਰੀ ਜਲ ਸਪਲਾਈ ਸਕੀਮਾਂ ਦੇ ਬਿਜਲੀ ਬਕਾਏ ਮੁਆਫ਼ ਕੀਤੇ ਗਏ ਹਨ ਅਤੇ ਅੱਗੇ ਤੋਂ ਇਹ ਬਿੱਲ ਸਰਕਾਰ ਤਾਰੇਗੀ।ਮੁੱਖ ਮੰਤਰੀ ਨੇ ਦੱਸਿਆ ਕਿ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਦਸੰਬਰ 2022 ਤੱਕ ਕੰਮ ਮੁਕੰਮਲ ਕਰ ਲਿਆ ਜਾਵੇਗਾ। ਸਨਅਤਾਂ ਲਈ ਓ.ਟੀ.ਐਸ ਸਕੀਮ ਲਿਆਂਦੀ ਗਈ ਹੈ। ਸਾਰੀਆਂ ਨੌਕਰੀਆਂ ਲਈ ਦਸਵੀਂ ਪੱਧਰ ਤੱਕ ਪੰਜਾਬੀ ਲਾਜ਼ਮੀ ਕੀਤੀ ਗਈ ਹੈ। ਮੁੱਖ ਮੰਤਰੀ ਨੇ ਰੇਤ ਮਾਫੀਏ ਦੇ ਖਾਤਮੇ ਦੀ ਗੱਲ ਕੀਤੀ ਅਤੇ ਰੇਤੇ ਦਾ ਰੇਟ 5.50 ਰੁਪਏ ਪ੍ਰਤੀ ਘਣ ਫੁੱਟ ਕਰਨ ਦਾ ਜ਼ਿਕਰ ਕੀਤਾ। ਕਿਸਾਨੀ ਮੁੱਦਿਆਂ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਨਰਮਾ ਪੱਟੀ ਵਿਚ ਗੁਲਾਬੀ ਸੁੰਡੀ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਵਿਚ ਕੀਤੇ ਵਾਅਦੇ, ਗੰਨਾ ਕਾਸ਼ਤਕਾਰਾਂ ਨੂੰ ਸਰਕਾਰ ਤਰਫ਼ੋਂ 35 ਰੁਪਏ ਦੇਣ, ਕੰਟਰੈਕਟ ਫਾਰਮਿੰਗ ਬਿੱਲ 2013 ਨੂੰ ਰੱਦ ਕਰਨ, ਏਪੀਐਮਸੀ 'ਚ ਕਿਸਾਨ ਵਿਰੋਧੀ ਉਪਬੰਧਾਂ ਨੂੰ ਹਟਾਉਣ ਦੀ ਮੁੱਖ ਤੌਰ 'ਤੇ ਚਰਚਾ ਕੀਤੀ। ਉਨ੍ਹਾਂ ਡੀਜ਼ਲ ਪੈਟਰੋਲ ਦੇ ਰੇਟ ਘਟਾਉਣ ਦੀ ਗੱਲ ਵੀ ਕੀਤੀ। ਮੁੱਖ ਮੰਤਰੀ ਚੰਨੀ ਨੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿਚ ਕੀਤੇ ਵਾਅਦੇ ਅਤੇ 36 ਹਜ਼ਾਰ ਮੁਲਾਜ਼ਮਾਂ ਨੂੰ ਰੈਗੂਲਰ ਕੀਤੇ ਜਾਣ ਨੂੰ ਵੀ ਰਿਪੋਰਟ ਕਾਰਡ ਵਿਚ ਪੇਸ਼ ਕੀਤਾ। ਮੁੱਖ ਮੰਤਰੀ ਦੀ ਸੁਰੱਖਿਆ ਲਈ ਭਰਤੀ ਕੀਤੇ ਗੈਰ-ਪੰਜਾਬੀਆਂ ਦੀ ਨਿਯੁਕਤੀ ਬਾਰੇ ਚੰਨੀ ਨੇ ਕਿਹਾ ਕਿ ਇਸ ਬਾਰੇ ਦੋ ਚਾਰ ਦਿਨਾਂ ਵਿਚ ਨਿਤਾਰਾ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਤਰਜੀਹੀ ਕੋਟੇ ਲਈ ਜਲਦ ਕਾਨੂੰਨ ਵੀ ਲਿਆ ਰਹੇ ਹਨ। ਰਿਪੋਰਟ ਕਾਰਡ ਪੇਸ਼ ਕਰਨ ਮੌਕੇ ਅਫਸਰਾਂ ਦੀ ਪੂਰੀ ਟੀਮ ਵੀ ਹਾਜ਼ਰ ਰਹੀ।

# ਕਿਸਾਨ ਮੋਰਚੇ ਨੂੰ ਰਹਿੰਦੀਆਂ ਮੰਗਾਂ ਪ੍ਰਤੀ ਕੇਂਦਰ ਦੇ ਹਾਂ ਪੱਖੀ ਹੁੰਗਾਰੇ ਦੀ ਉਮੀਦ

ਸਫ਼ਾ 1 ਦੀ ਬਾਕੀ

ਵੱਲੋਂ ਖੇਤੀ ਕਾਨੂੰਨ ਵਾਪਸੀ ਬਿੱਲ 'ਤੇ ਮੋਹਰ ਲਾਉਣ ਤੇ ਇਸ ਬਾਰੇ ਗਜ਼ਟ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਕਿਸਾਨਾਂ ਦੀ ਮਹੱਤਵਪੂਰਨ ਲੜਾਈ ਰਸਮੀ ਤੌਰ 'ਤੇ ਖਤਮ ਹੋ ਗਈ ਹੈ। ਮੋਰਚੇ ਨੇ ਕਿਹਾ ਕਿ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਅੰਦੋਲਨ ਸੰਘਰਸ਼ ਕਰਨ ਦੀ ਭਾਵਨਾ ਨਾਲ ਜਾਰੀ ਹੈ।ਸਰਕਾਰ ਵੱਲੋਂ ਕਿਸਾਨਾਂ ਨਾਲ ਗੱਲਬਾਤ ਕਰਨ ਵਾਲੇ ਵਫ਼ਦ ਨੂੰ ਮੋਰਚੇ ਨੇ ਯਾਦ ਕਰਵਾਇਆ ਕਿ ਉਹ ਲੋਕ ਪਿਛਲੇ ਸਾਲ ਰਸਮੀ ਗੱਲਬਾਤ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਚੁੱਪ-ਚਾਪ ਖੜ੍ਹੇ ਸਨ, ਪਰ ਹੁਣ ਮੌਤਾਂ ਬਾਰੇ ਅਣਜਾਣ ਬਣ ਰਹੇ ਹਨ। ਮੋਰਚੇ ਅਨੁਸਾਰ, 'ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਬਾਰੇ ਰਿਕਾਰਡ ਮੌਜੂਦ ਹੈ, ਜਿਸ ਦੇ ਆਧਾਰ ਉੱਤੇ ਸ਼ਹੀਦਾਂ ਦੇ ਵਾਰਸਾਂ ਦੇ ਮੁੜ-ਵਸੇਬੇ ਦੀ ਮੰਗ ਸਮੇਤ ਬਾਕੀ ਮੰਗਾਂ ਪੂਰੀਆਂ ਕੀਤੀਆਂ ਜਾਣ।









# ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਹੁਣ ਨੰਬਰ ਇਕ ਦੇਸ਼ ਬਣਿਆ

ਓਟਵਾ-50 ਤੋਂ ਵੀ ਵੱਧ ਦੇਸ਼ਾਂ ਵਿਚ ਕੀਤੇ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਨੀਆ ਦਾ ਸਭ ਤੋਂ ਮਸ਼ਹੂਰ ਦੇਸ਼ ਬਣ ਗਿਆ ਹੈ। ਆਈਡੀਪੀ ਕੁਨੈਕਟ ਵਲੋਂ 3600 ਸਟੱਡੀ ਵੀਜ਼ਾਧਾਰਕਾਂ ਦੇ ਪੱਤਝੜ ਵਿਚ ਕੀਤੇ ਸਰਵੇਖਣ ਮੁਤਾਬਿਕ ਪੰਜ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ ਦੋ ਲਈ ਉਚੇਰੀ ਸਿੱਖਿਆ ਵਾਸਤੇ ਕੈਨੇਡਾ ਉਨ੍ਹਾਂ ਦੀ ਪਹਿਲੀ ਪਸੰਦ ਹੈ। ਇਹ ਗਿਣਤੀ ਹੋਰ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਕਰਸ਼ਤ ਕਰਨ ਵਾਲੇ ਦੇਸ਼ਾਂ ਬਰਤਾਨੀਆ, ਅਮਰੀਕਾ ਜਾਂ ਆਸਟਰੇਲੀਆ ਤੋਂ ਦੁੱਗਣੀ ਹੈ। ਕੈਨੇਡਾ ਦੀ ਚੋਣ ਕਰਨ ਵਾਲੇ ਬਹੁਤੇ ਵਿਦਿਆਰਥੀਆਂ ਦਾ ਕਹਿਣਾ ਕਿ ਉਹ ਪੜ੍ਹਾਈ ਲਈ ਕੈਨੇਡਾ ਦੀ ਚੋਣ ਇਸ ਲਈ ਕਰਦੇ ਹਨ ਕਿਉਂਕਿ ਇਥੇ ਪੜ੍ਹਾਈ ਨਾਲ ਕੰਮ ਕਰਨ ਦੀ ਇਜਾਜ਼ਤ ਹੈ। ਟਿਊਸ਼ਨ ਫੀਸਾਂ ਘੱਟ ਹਨ ਅਤੇ ਦੇਸ਼ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਟੈਕਸ ਦਾਤਾਵਾਂ ਭਾਵ ਸਰਕਾਰ ਵਲੋਂ ਸਬਸਿਡੀ ਦਿੱਤੀ ਜਾਂਦੀ ਹੈ। ਕੈਨੇਡੀਅਨ ਬਿਊਰੋ ਆਫ ਇੰਟਰਨੈਸ਼ਨਲ ਐਜੂਕੇਸ਼ਨ ਨੇ ਅੱਗੇ ਕਿਹਾ ਕਿ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਵਿਚੋਂ 60 ਫ਼ੀਸਦੀ ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਭਾਰਤ ਜਾਂ ਚੀਨ ਤੋਂ ਆਉਂਦੇ ਹਨ ਸਥਾਈ ਵਸਨੀਕ (ਪਰਮਾਨੈਂਟ ਰੈਜ਼ੀਡੈਂਟ) ਬਣਨ ਲਈ ਅਪਲਾਈ ਕਰਨਾ ਚਾਹੁੰਦੇ ਹਨ , ਇਹ ਵਿਕਲਪ ਬਹੁਤੇ ਦੇਸ਼ਾਂ ਵਿਚ ਉਪਲਬਧ ਨਹੀਂ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਪੱਛਮ ਵਿਚ ਮੁਕਾਬਲੇ ਦੇ ਸੰਦਰਭ ਵਿਚ ਕੁਝ ਮਾਹਿਰ ਵਿਸ਼ਵ ਦੇ ਅਨੁਮਾਨਤ 60 ਲੱਖ ਵਿਦਿਆਰਥੀਆਂ ਜਿਹੜੇ ਆਪਣੀ ਸਿੱਖਿਆ ਲਈ ਵਿਦੇਸ਼ਾਂ ਨੂੰ ਜਾ ਰਹੇ ਹਨ ਅਪੀਲ ਕਰਨ ਦੀਆਂ ਕੈਨੇਡਾ ਸਰਕਾਰ ਦੀਆਂ ਆਕਰਸ਼ਤ ਕਰਨ ਵਾਲੀਆਂ ਕੋਸ਼ਿਸ਼ਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ ਭਾਵ ਉਹ ਸਰਕਾਰ ਤੋਂ ਔਖੇ ਹਨ। ਉੱਚ ਸਿੱਖਿਆ ਮਾਹਿਰ ਸਵਾਲ ਕਰਦੇ ਹਨ ਕਿ ਕੋਵਿਡ ਦੌਰਾਨ ਵਿਦੇਸ਼ੀ ਵਿਦਿਆਰਥੀਆਂ ਨੂੰ ਸਮਾਜਿਕ ਸਹਾਇਤਾ ਪੇਮੈਂਟਾਂ ਦੇਣ ਵਾਲਾ ਕੈਨੇਡਾ ਇਕੱਲਾ ਦੇਸ਼ ਕਿਉਂ ਹੈ। ਉਹ ਵਿਦਿਆਰਥੀਆਂ ਨੂੰ ਪੜ੍ਹਾਈ ਸਮੇਂ ਵਧੇਰੇ ਕੰਮ ਦੇ ਮੌਕੇ ਦੇਣ ਦੇ ਕੈਨੇਡਾ ਦੇ ਫ਼ੈਸਲੇ ਬਾਰੇ ਵੀ ਸਵਾਲ ਪੁੱਛਦੇ ਹਨ। 2015 ਵਿਚ ਜਦੋਂ ਦੇ ਲਿਬਰਲਸ ਸੱਤਾ ਵਿਚ ਆਏ ਹਨ ਉਸ ਸਮੇਂ ਤੋਂ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਲਗਪਗ ਦੁੱਗਣੀ ਹੋ ਗਈ ਹੈ। ਕੋਵਿਡ ਸਰਹੱਦੀ ਪਾਬੰਦੀਆਂ ਦੇ ਬਾਵਜੂਦ ਉਨ੍ਹਾਂ ਦੀ ਗਿਣਤੀ ਇਕ ਸਾਲ ਵਿਚ 6 ਲੱਖ ਤਕ ਪਹੁੰਚ ਰਹੀ ਹੈ। ਮਹਾਂਮਾਰੀ ਦੌਰਾਨ ਕਈ ਵਿਦਿਆਰਥੀਆਂ ਨੇ ਵਿਦੇਸ਼ਾਂ ਵਿਚ ਰਹਿ ਕੇ ਪੜ੍ਹਾਈ ਕੀਤੀ ਪਰ ਬਹੁਤੇ ਕੈਨੇਡੀਅਨ ਕੈਂਪਸ ਵਿਚ ਵਾਪਸ ਆ ਗਏ ਹਨ। ਕੈਨੇਡਾ ਵਿਚ ਪੋਸਟ ਸੈਕੰਡਰੀ ਵਿਦਿਆਰਥੀਆਂ ਵਿਚ ਵਿਦੇਸ਼ੀ ਵਿਦਿਆਰਥੀ 20 ਫ਼ੀਸਦੀ ਬਣਦੇ ਹਨ ਜਿਹੜਾ ਆਸਟਰੇਲੀਆ ਤੇ ਬਰਤਾਨੀਆ ਦੇ ਨਾਲ ਵਿਸ਼ਵ ਵਿਚ ਸਭ ਤੋਂ ਉੱਚਾ ਅਨੁਪਾਤ ਹੈ। ਅਮਰੀਕਾ ਵਿਚ ਸਟੱਡੀ ਵੀਜ਼ਾ 'ਤੇ ਵਿਦੇਸ਼ੀ ਨਾਗਰਿਕ ਵਿਦਿਆਰਥੀਆਂ ਦਾ ਸਿਰਫ 7 ਫ਼ੀਸਦੀ ਹਨ। ਯੂਰਪੀਨ ਯੂਨੀਅਨ ਵਿਚ ਉਹ ਸਿਰਫ 6 ਫ਼ੀਸਦੀ ਹਨ। ਕੈਨੇਡਾ ਸਰਕਾਰ ਜਿਹੜੀ ਵਿਦੇਸ਼ੀ ਵਿਦਿਆਰਥੀਆਂ ਨੂੰ ਪ੍ਰਵਾਸ ਲਈ ਮੁੱਖ ਉਮੀਦਵਾਰ ਸਮਝਦੀ ਹੈ ਕੋਵਿਡ-19 ਦੌਰਾਨ ਦੂਸਰੇ ਦੇਸ਼ਾਂ ਨਾਲੋਂ ਉਲਟ ਦਿਸ਼ਾ ਵਿਚ ਗਈ ਅਤੇ ਸਟੱਡੀ ਵੀਜ਼ਾ ਧਾਰਕਾਂ ਨੂੰ ਕੈਨੇਡੀਅਨ ਐਮਰਜੈਂਸੀ ਰਿਸਪਾਂਸ ਬੈਨੀਫਿਟ ਵਜੋਂ ਟੈਕਸ ਦਾਤਾਵਾਂ ਦੇ ਫੰਡ ਵਾਲੇ ਪ੍ਰੋਗਰਾਮ ਲਈ ਅਪਲਾਈ ਕਰਨ ਦੀ ਇਜਾਜ਼ਤ ਦਿੱਤੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਗਰੈਜੂਏਸ਼ਨ ਪਿੱਛੋਂ ਘੱਟੋ ਘੱਟ ਤਿੰਨ ਸਾਲ ਤਕ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਿਹੜਾ ਕਿ ਇਕ ਅਸਾਧਾਰਨ ਕਦਮ ਹੈ। ਬ੍ਰਿਟਿਸ਼ ਕੋਲੰਬੀਆ ਜਿਸ ਵਿਚ ਕੈਨੇਡਾ ਦਾ ਵਿਦੇਸ਼ੀ ਵਿਦਿਆਰਥੀਆਂ ਵਿਚ ਲਗਪਗ 22 ਫ਼ੀਸਦੀ ਹਨ ਉਹ ਸਾਰੇ ਮੈਟਰੋ ਵੈਨਕੂਵਰ 'ਤੇ ਕੇਂਦਰਿਤ ਹਨ ਜਿਸ ਨਾਲ ਕਿਰਾਇਆ ਤੇ ਮਕਾਨ ਬਾਜ਼ਾਰ ਪ੍ਰਭਾਵਤ ਹੋਏ ਹਨ । ਬੀਸੀ ਵਿਚ ਅਲਬਰਟਾ ਵਿਚ ਪ੍ਰਤੀ ਵਿਅਕਤੀ ਦੇ ਮੁਕਾਬਲੇ ਚਾਰ ਗੁਣਾ ਵਿਦੇਸ਼ੀ ਵਿਦਿਆਰਥੀ ਹਨ। ਕੈਨੇਡਾ ਸਰਕਾਰ ਕਹਿੰਦੀ ਹੈ ਕਿ ਵਿਦੇਸ਼ੀ ਵਿਦਿਆਰਥੀ ਦੇਸ਼ ਦੀ ਆਰਥਿਕਤਾ ਵਿਚ 21 ਅਰਬ ਡਾਲਰ ਤੋਂ ਵੀ ਵੱਧ ਲੈ ਕੇ ਆਉਂਦੇ ਹਨ ਪਰ ਕੈਨੇਡਾ ਦਾ ਉੱਚ ਸਿੱਖਿਆ ਮਾਹਿਰ ਅਲੈਕਸ ਉਸ਼ੇਰ ਦਾ ਕਹਿਣਾ ਕਿ ਦੇਸ਼ ਦੀਆਂ ਪੋਸਟ ਸੈਕੰਡਰੀ ਸੰਸਥਾਵਾਂ ਹੁਣ 45 ਫ਼ੀਸਦੀ ਫੀਸ ਰੈਵੀਨਿਊ ਲਈ ਵਿਦੇਸ਼ੀ ਵਿਦਿਆਰਥੀਆਂ 'ਤੇ ਨਿਰਭਰ ਹਨ। 2000 ਵਿਚ ਇਹ ਰੈਵੀਨਿਊ ਸਿਰਫ 10 ਫ਼ੀਸਦੀ ਸੀ। ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ 'ਤੇ ਇਸ ਤਰ੍ਹਾਂ ਦੀ ਭਾਰੀ ਨਿਰਭਰਤਾ ਵਿਰੁੱਧ ਸਾਵਧਾਨ ਕੀਤਾ ਹੈ। ਕੈਨੇਡਾ ਦੇ ਉਲਟ ਜਦੋਂ ਕੋਵਿਡ ਪਹਿਲੀ ਵਾਰ ਆਇਆ ਤਾਂ ਦੋਵਾਂ ਅਸਟਰੇਲੀਆ ਤੇ ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਤੋਂ ਵੱਖਰੇ ਨਿਯਮ ਲਿਆਂਦੇ ਤੇ ਬਹੁਤਿਆਂ ਨੂੰ ਆਪਣੇ ਦੇਸ਼ਾਂ ਵਿਚ ਜਾਣ ਦੀ ਹਦਾਇਤ ਕੀਤੀ। ਇਸ ਦੇ ਸਿੱਟੇ ਵਜੋਂ ਅਮਰੀਕਾ ਤੇ ਆਸਟਰੇਲੀਆ ਵਿਚ ਪੋਸਟ ਸੈਕੰਡਰੀ ਸਟਾਫ ਦੀਆਂ 10 ਫ਼ੀਸਦੀ ਨੌਕਰੀਆਂ ਹਵਾ ਵਿਚ ਹੋ ਗਈਆਂ। ਕੈਨੇਡਾ ਨੇ ਸਰਹੱਦਾਂ ਬੰਦ ਹੋਣ ਦੇ ਬਾਵਜੂਦ ਅਕਤੂਬਰ ਵਿਚ ਸਟੱਡੀ ਵੀਜ਼ਾ ਧਾਰਕਾਂ ਨੂੰ ਦੇਸ਼ ਵਿਚ ਆਉਣ ਦੀ ਇਜਾਜ਼ਤ ਦੇ ਦਿੱਤੀ। ਆਸਟਰੇਲੀਆ ਨੇ ਹਾਲ ਹੀ ਵਿਚ 200000 ਤੋਂ ਵੀ ਵੱਧ ਵਿਦੇਸ਼ੀ ਵਿਦਿਆਰਥੀਆਂ ਦਾ ਸਵਾਗਤ ਕਰਨ ਦਾ ਫ਼ੈਸਲਾ ਕੀਤਾ ਹੈ ਪਰ ਲਗਦਾ ਹੈ ਕਿ ਬਹੁਤੇ ਏਸ਼ੀਅਨ ਵਿਦਿਆਰਥੀਆਂ ਆਸਟਰੇਲੀਆ ਦੇ ਆਨਲਾਈਨ ਕੋਰਸਾਂ ਲਈ ਫੀਸ ਦੇਣ ਦੇ ਬਜਾਏ ਕੈਨੇਡਾ ਅਤੇ ਅਮਰੀਕਾ ਵਿਚ ਆ ਕੇ ਪੜ੍ਹਾਈ ਕਰਨ ਦੀ ਚੋਣ ਕਰਨਗੇ। ਵੈਨਕੂਵਰ ਦੀ ਕ੍ਰਿਸ ਫਰੀਸਨ ਜਿਹੜੀ ਕੈਨੇਡਾ ਵਿਚ ਪ੍ਰਵਾਸੀਆਂ ਤੇ ਸ਼ਰਨਾਰਥੀਆਂ ਲਈ ਸੈਟਲਮੈਂਟ ਸੇਵਾਵਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਦੀ ਚੇਅਰਪਰਸਨ ਹੈ ਨੇ ਕਿਹਾ ਕਿ ਕੈਨੇਡੀਅਨ ਜਨਤਾ ਇਸ ਗੱਲੋਂ ਹਨ੍ਹੇਰੇ ਵਿਚ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਤਰਜੀਹ ਦੇਣ ਲਈ ਕਿਵੇਂ ਨੀਤੀ ਵਿਚ ਤਬਦੀਲੀ ਕੀਤੀ ਜਾਂਦੀ ਹੈ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

**PERSONAL INJURY LAWYERS**

T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 4 ਦਸੰਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

# ਬੀ.ਸੀ. ਦੇ ਧਾਰਮਿਕ ਸਥਾਨ ਸ਼ਰਧਾਲੂਆਂ ਦੇ ਟੀਕਾ ਪਾਸਪੋਰਟ ਦੀ ਕਰਨਗੇ ਜਾਂਚ

ਵਿਕਟੋਰੀਆ-ਜਿਹੜੇ ਗਿਰਜਾਘਰ, ਮਸਜਿਦਾਂ, ਗੁਰਦੁਆਰੇ, ਮੰਦਿਰ ਜਾਂ ਧਾਰਮਿਕ ਸਥਾਨ ਟੀਕਾ ਪਾਸਪੋਰਟ ਦੀ ਜਾਂਚ ਕਰਨ ਦੀ ਚੋਣ ਨਹੀਂ ਕਰਨਗੇ ਉਨ੍ਹਾਂ ਨੂੰ ਸ਼ਰਧਾਲੂਆਂ ਦੀ ਸਮਰੱਥਾ ਨੂੰ ਵੱਧ ਤੋਂ ਵੱਧ ਅੱਧ ਤੱਕ ਸੀਮਤ ਕਰਨਾ ਪਵੇਗਾ ਅਤੇ ਸਾਰਿਆਂ ਲਈ ਹੁਣ ਮਾਸਕ ਲਾਜ਼ਮੀ ਹੋਵੇਗਾ। ਪੂਜਾ ਸਥਾਨਾਂ ਦੇ ਕੁਝ ਨੇਤਾਵਾਂ ਮੁਤਾਬਿਕ ਬਿਨ੍ਹਾਂ ਟੀਕਾ ਪਾਸਪੋਰਟ ਵਾਲੇ ਬੀਸੀ ਦੇ ਨਵੇਂ ਨਿਯਮਾਂ ਤਹਿਤ ਇਸ ਵੀਕਐਂਡ 'ਤੇ ਵਿਅਸਤ ਸੇਵਾਵਾਂ ਤੋਂ ਆਪਣੇ ਆਪ ਨੂੰ ਦੂਰ ਦੇਖ ਸਕਦੇ ਹਨ। ਕੋਵਿਡ ਪ੍ਰੋਟੋਕੋਲ ਵਿਚ ਤਬਦੀਲੀ ਦੋ ਤਰੀਕਿਆਂ ਵਿਚੋਂ ਇਕ ਤਹਿਤ ਗਿਰਜਾਘਰਾਂ, ਮਸਜਿਦਾਂ, ਗੁਰਦੁਆਰੇ, ਮੰਦਿਰ ਤੇ ਸਿਨਾਗੌਗਸ ਜਿਹੜੇ ਇਹ ਜਾਂਚ ਕਰਨ ਦੀ ਚੋਣ ਨਹੀਂ ਕਰਦੇ ਕਿ ਸ਼ਾਮਿਲ ਹੋਣ ਵਾਲੇ ਹਰੇਕ ਵਿਅਕਤੀ ਦਾ ਟੀਕਾਕਰਣ ਹੋਇਆ ਹੈ ਜਾਂ ਨਹੀਂ ਵਿਚ ਹਾਜ਼ਰ ਲੋਕਾਂ ਦੀ ਗਿਣਤੀ 50 ਫ਼ੀਸਦੀ ਸਮਰਥਾ ਤਕ ਹੀ ਸੀਮਤ ਹੋਣੀ ਚਾਹੀਦੀ ਹੈ ਅਤੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਟੀਕਾਕਰਣ ਨਿਯਮਾਂ ਤੋਂ ਛੋਟ ਹੋਵੇਗੀ। ਜੇਕਰ ਉਹ ਪਾਸਪੋਰਟਾਂ ਦੀ ਜਾਂਚ ਸ਼ੁਰੂ ਕਰਦੇ ਹਨ ਤਾਂ ਉਹ ਟੀਕਾਰਹਿਤ ਲੋਕਾਂ ਨੂੰ ਵਾਪਸ ਭੇਜ ਸਕਦੇ ਹਨ। ਸਰੀ ਵਿਚ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਗ੍ਰੰਥੀ ਤੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਆਮ ਦਿਨਾਂ ਵਿਚ 800 ਦੀ ਰੈਗੂਲਰ ਸਮਰਥਾ ਤੋਂ ਹਾਜ਼ਰੀ ਨੂੰ ਅੱਧ ਤਕ ਸੀਮਤ ਕਰਨ ਵਿਚ ਕੋਈ ਸਮੱਸਿਆ ਨਹੀਂ ਪਰ ਉਨ੍ਹਾਂ ਕਿਹਾ ਕਿ ਵੀਕਐਂਡ 'ਤੇ ਕੁਝ ਸਮੱਸਿਆ ਹੋਵੇਗੀ ਕਿਉਂਕਿ ਸਨਿਚਰਵਾਰ ਤੇ ਐਤਵਾਰ ਨੂੰ ਸਵੇਰੇ 4 ਵਜੇ ਤੋਂ ਰਾਤ 9 ਵਜੇ ਤਕ ਇਕ ਤੋਂ ਦੋ ਹਜ਼ਾਰ ਤਕ ਸੰਗਤ ਗੁਰਦੁਆਰਾ ਸਾਹਿਬ ਵਿਚ ਜੁੜਦੀ ਹੈ ਅਤੇ ਸਾਰੇ ਲੰਗਰ ਛੱਕਣ ਤਕ ਰੁਕਦੇ ਹਨ। ਉਨ੍ਹਾਂ ਦੱਸਿਆ ਕਿ ਇਕ ਸੁਰੱਖਿਆ ਗਾਰਡ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਣ ਤੋਂ ਪਹਿਲਾਂ ਜਾਂਚ ਕਰੇਗਾ ਕਿ ਹਰੇਕ ਵਿਅਕਤੀ ਦਾ ਮੁਕੰਮਲ ਟੀਕਾਕਰਣ ਹੋਇਆ ਹੋਵੇ ਕਿਉਂਕਿ ਵੀਕਐਂਡ ਵਿਚ ਗੁਰਦੁਆਰੇ ਦੇ ਪ੍ਰੋਗਰਾਮਾਂ ਵਿਚ ਜੇਕਰ ਸਮਰਥਾ 50 ਫ਼ੀਸਦੀ ਤਕ ਸੀਮਤ ਕੀਤੀ ਤਾਂ ਸੈਂਕੜੇ ਲੋਕਾਂ ਨੂੰ ਵਾਪਸ ਮੁੜਨਾ ਪਵੇਗਾ। ਸ. ਵਾਲੀਆ ਨੇ ਦੱਸਿਆ ਕਿ ਸਾਡੇ ਕੋਲ ਕੋਈ ਹੱਲ ਨਹੀਂ, ਇਹ ਕਾਨੂੰਨ ਹੈ। ਲੋਕਾਂ ਨੂੰ ਇਹ ਕਹਿਣਾ ਤਾਂ ਔਖਾ ਹੈ ਕਿ ਤੁਸੀਂ ਗੁਰਦੁਆਰੇ ਖ਼ਾਸਕਰ ਮਹਾਂਮਾਰੀ ਦੌਰਾਨ ਆ ਨਹੀਂ ਸਕਦੇ ਪਰ ਸੁਰੱਖਿਆ ਸਭ ਤੋਂ ਪਹਿਲਾਂ ਹੈ। ਉਨ੍ਹਾਂ ਦੱਸਿਆ ਕਿ ਨਵੇਂ ਸਾਲ ਦਾ ਮੌਕਾ ਵਿਅਸਤ ਰਾਤਾਂ ਵਿਚੋਂ ਇਕ ਹੁੰਦਾ ਹੈ। ਜੇਕਰ ਤੁਸੀਂ ਸੰਗਤ ਵਿਚ ਸ਼ਾਮਿਲ ਹੋਣਾ ਚਾਹੁੰਦੇ ਹੋ ਤਾਂ ਤੁਹਾਡਾ ਮੁਕੰਮਲ ਟੀਕਾਕਰਣ ਹੋਣਾ ਚਾਹੀਦਾ ਹੈ।




**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
Ram Johal
604-356-5555

www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
Google
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*
***Remote Location? No Problem. We will come to you !***




# dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor** — 8.3mm thick, 25 years warranty, Click Do It Yourself, German technology — .99 cent

**Commercial Carpet** — Starts From .78 cent

**Berber** — Starts From .78 cent

**Area Rug (5x8)** — Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

## ਵੈਨਕੂਵਰ ਸਕਾਈ ਟਰੇਨ ਸਟੇਸ਼ਨ ਵਿਖੇ ਔਰਤ ਉੱਤੇ ਜਿਣਸੀ ਹਮਲਾ



ਵੈਨਕੂਵਰ-ਵੀਕਐਂਡ 'ਤੇ ਵੈਨਕੂਵਰ ਸਕਾਈਟਰੇਨ ਸਟੇਸ਼ਨ ਵਿਖੇ ਇਕ ਸ਼ੱਕੀ ਨੇ ਇਕ ਔਰਤ 'ਤੇ ਕਥਿਤ ਰੂਪ ਵਿਚ ਜਿਣਸੀ ਹਮਲਾ ਕੀਤਾ ਹੈ ਅਤੇ ਪੁਲਿਸ ਇਸ ਗੱਲ ਦੀ ਆਸ ਕਰ ਰਹੀ ਹੈ ਕਿ ਜਨਤਾ ਸ਼ੱਕੀ ਦੀ ਪਛਾਣ ਕਰਨ ਵਿਚ ਮਦਦ ਕਰ ਸਕਦੀ ਹੈ। ਪੁਲਿਸ ਨੇ ਦੱਸਿਆ ਕਿ 29ਵੀਂ ਐਵੀਨਿਊ ਸਕਾਈਟਰੇਨ ਸਟੇਸ਼ਨ ਵਿਖੇ ਰਾਤ 12 ਵਜੇ ਇਕ ਵਿਅਕਤੀ ਔਰਤ ਕੋਲ ਆਇਆ ਅਤੇ ਉਸ ਕੋਲੋਂ ਸਮਾਂ ਪੁੱਛਿਆ। ਉਸ ਨੇ ਉਸ ਨਾਲ ਗੱਲਬਾਤ ਕਰਦੇ ਹੋਏ ਉਸ ਦਾ ਕਈ ਵਾਰ ਰਾਹ ਰੋਕਿਆ। ਤਦ ਇਸ ਵਿਅਕਤੀ ਨੇ ਔਰਤ ਨੂੰ ਫੜ ਲਿਆ ਤੇ ਜ਼ਮੀਨ 'ਤੇ ਸੁੱਟ ਦਿੱਤਾ। ਔਰਤ ਨੇ ਉਸ ਦਾ ਹਿੰਮਤ ਨਾਲ ਮੁਕਾਬਲਾ ਕੀਤਾ ਅਤੇ ਉਸ ਨੂੰ ਦੂਰ ਧੱਕ ਦਿੱਤਾ। ਫਿਰ ਉਸ ਨੇ ਔਰਤ ਨੂੰ ਪੌੜੀਆਂ ਤੋਂ ਥੱਲੇ ਸੁੱਟ ਦਿੱਤਾ ਅਤੇ ਉਸ ਦਾ ਫੋਨ ਲੈ ਗਿਆ। ਔਰਤ ਨੇ ਸ਼ੱਕੀ ਦੇ ਘਸੁੰਨ ਮਾਰਿਆ ਤੇ ਮਦਦ ਲਈ ਰੌਲਾ ਪਾਇਆ ਜਿਸ ਕਾਰਨ ਉਹ ਫੋਨ ਵਾਪਸ ਲੈਣ ਵਿਚ ਸਫਲ ਹੋ ਗਈ। ਔਰਤ ਨੇ ਉਸੇ ਦਿਨ ਪੁਲਿਸ ਕੋਲ ਸ਼ਿਕਾਇਤ ਕੀਤੀ।



## ਸਾਬਕਾ ਡੀਜੀਪੀ ਵਿਰਕ, ਜ਼ੀਰਾ, ਸਰਬਜੀਤ ਸਿੰਘ ਮੱਕੜ ਭਾਜਪਾ 'ਚ ਸ਼ਾਮਲ

ਨਵੀਂ ਦਿੱਲੀ-ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਬਕਾ ਪੁਲੀਸ ਡਾਇਰੈਕਟਰ ਜਨਰਲ (ਡੀਜੀਪੀ) ਸਰਬਦੀਪ ਸਿੰਘ ਵਿਰਕ ਸਮੇਤ ਸੂਬੇ ਦੇ ਕਈ ਵਿਅਕਤੀ ਅੱਜ ਇੱਥੇ ਭਾਜਪਾ ਵਿੱਚ ਸ਼ਾਮਲ ਹੋ ਗਏ। ਕੇਂਦਰੀ ਮੰਤਰੀ ਅਤੇ ਭਾਜਪਾ ਦੇ ਪੰਜਾਬ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਸੂਬੇ ਵਿੱਚ ਸੰਗਠਨ ਹੋਰ ਮਜ਼ਬੂਤ ਹੋਵੇਗਾ। ਸ੍ਰੀ ਵਿਰਕ, ਪੰਜਾਬ ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਅਵਤਾਰ ਸਿੰਘ ਜ਼ੀਰਾ, ਸਨਅਤਕਾਰ ਹਰਚਰਨ ਸਿੰਘ ਰਣੌਤਾ ਅਤੇ ਸਾਬਕਾ ਅਕਾਲੀ ਆਗੂ ਸਰਬਜੀਤ ਸਿੰਘ ਮੱਕੜ ਭਾਜਪਾ ਵਿੱਚ ਸ਼ਾਮਲ ਹੋਏ। ਪੰਜਾਬ ਦੀਆਂ ਕਈ ਨਾਮੀ ਸ਼ਖਸੀਅਤਾਂ ਪਿਛਲੇ ਕੁਝ ਦਿਨਾਂ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਈਆਂ ਹਨ ਅਤੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੁਝ ਹੋਰ ਲੋਕਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ।



## ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਨੇ ਫੜਿਆ ਕਾਂਗਰਸ ਦਾ ਹੱਥ

ਚੰਡੀਗੜ੍ਹ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਅੱਜ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਉਸ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਮੌਜੂਦਗੀ 'ਚ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ। ਮੂਸੇਵਾਲਾ 'ਤੇ ਪੰਜਾਬ ਪੁਲੀਸ ਨੇ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਅਸਲਾ ਐਕਟ

## ਨਸਲਵਾਦ ਦੀ ਟਿੱਪਣੀ ਨੂੰ ਲੈ ਕੇ ਟਰੂਡੋ ਖਿਲਾਫ ਇਕ ਔਰਤ ਵਲੋਂ ਕੀਤਾ ਮੁਕੱਦਮਾ ਖਾਰਜ

ਮਾਂਟਰੀਅਲ-ਕਿਊਬਕ ਦੇ ਇਕ ਜੱਜ ਨੇ ਕਿਊਬਕ ਦੀ ਇਕ ਔਰਤ ਜਿਸ ਨੇ ਦਲੀਲ ਦਿੱਤੀ ਸੀ ਕਿ 2018 ਵਿਚ ਲਿਬਰਲ ਪਾਰਟੀ ਦੀ ਰੈਲੀ ਦੌਰਾਨ ਜਦੋਂ ਜਸਟਿਨ ਟਰੂਡੋ ਨੇ ਉਸ ਨੂੰ ਨਸਲਵਾਦੀ ਕਿਹਾ ਸੀ ਤਾਂ ਉਸ ਨੇ ਉਸ ਦੇ ਹੱਕਾਂ ਦੀ ਉਲੰਘਣਾ ਕੀਤੀ ਸੀ ਵਲੋਂ ਸ਼ੁਰੂ ਕੀਤੇ ਮਾਣਹਾਨੀ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਹੈ। ਸੇਂਟ-ਜੀਨ-ਸੁਰ-ਰਿਚਲਿਉ ਕਿਊਬਕ ਦੀ ਡਾਇਨ ਬਲੇਨ ਇਹ ਦੋਸ਼ ਲਾਉਂਦੇ ਹੋਏ ਪ੍ਰਧਾਨ ਮੰਤਰੀ ਨੂੰ ਅਦਾਲਤ ਵਿਚ ਲੈ ਗਈ ਕਿ ਜਨਤਾ ਵਿਚ ਉਸ ਦੀਆਂ ਟਿੱਪਣੀਆਂ ਨੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਉਸ ਦੇ ਨਿੱਜੀ ਸਨਮਾਨ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਉਸ ਨੇ 90 ਹਜ਼ਾਰ ਡਾਲਰ ਹਰਜਾਨੇ ਦੀ ਮੰਗ ਕੀਤੀ ਸੀ। ਆਪਣੇ ਲਿਖਤੀ ਫ਼ੈਸਲੇ ਵਿਚ ਸੁਪੀਰੀਅਰ ਕੋਰਟ ਦੇ ਜਸਟਿਸ ਮਿਸ਼ੇਲ ਮੋਨਾਸਟ ਨੇ ਕਿਹਾ ਕਿ ਮੁਕੱਦਮਾ ਬੇਬੁਨਿਆਦ ਤੇ ਅਪਮਾਨਜਨਕ ਸੀ ਅਤੇ ਘਟਨਾ ਬਾਰੇ ਕੀਤੀਆਂ ਨਾਂਹਪੱਖੀ ਟਿੱਪਣੀਆਂ ਲਈ ਵਿਅਕਤੀ ਖੁਦ ਜ਼ਿੰਮੇਵਾਰ ਹੈ।

## ਗੋਲੀਬਾਰੀ ਵਿਚ ਜ਼ਖ਼ਮੀ ਹੋਏ ਵਿਅਕਤੀ ਦੀ ਮੌਤ-ਹੋਮੀਸਾਈਡ ਟੀਮ ਕਰ ਰਹੀ ਹੈ ਜਾਂਚ

ਸਰੀ-ਇਸ ਹਫ਼ਤੇ ਦੇ ਸ਼ੁਰੂ ਵਿਚ ਗੋਲੀਬਾਰੀ ਦੀ ਘਟਨਾ ਵਿਚ ਪੀੜਤ ਦੀ ਮੌਤ ਪਿੱਛੋਂ ਹੁਣ ਹੋਮੀਸਾਈਡ ਇਨਵੈਸਟੀਗੇਸ਼ਨ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੂੰ ਸੋਮਵਾਰ ਸਵੇਰੇ ਜ਼ਖ਼ਮੀ ਵਿਅਕਤੀ 137 ਸਟਰੀਟ ਦੇ ਇਕ ਘਰ ਵਿਚੋਂ ਮਿਲਿਆ ਸੀ। 45 ਸਾਲਾ ਵਿਅਕਤੀ ਦੀ ਜਨਤਕ ਤੌਰ 'ਤੇ ਪਛਾਣ ਨਹੀਂ ਦੱਸੀ ਗਈ ਅਤੇ ਉਸ ਸਮੇਂ ਜ਼ਿੰਦਗੀ ਨੂੰ ਖ਼ਤਰੇ ਵਿਚ ਦੱਸਿਆ ਗਿਆ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਅਗਲੇ ਦਿਨ ਉਸ ਦੀ ਮੌਤ ਹੋ ਗਈ। ਸਿੱਟੇ ਵਜੋਂ ਇੰਟੀਗਰੇਟਿਡ ਇਨਵੈਸਟੀਗੇਸ਼ਨ ਟੀਮ ਨੇ ਮਾਮਲੇ ਨੂੰ ਆਪਣੇ ਹੱਥਾਂ ਵਿਚ ਲਿਆ ਹੈ। ਕੁਝ ਵੇਰਵੇ ਮੁਹੱਈਆ ਕੀਤੇ ਗਏ ਹਨ ਪਰ ਸਰੀ ਆਰਸੀਐਮਪੀ ਨੇ ਕਿਹਾ ਕਿ ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਉਸ ਦੀ ਮੌਤ ਮਿਥ ਕੇ ਕੀਤੀ ਗਈ ਕਾਰਵਾਈ ਨਾਲ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗੋਲੀ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਉਹ ਜਾਣਦੇ ਸਨ ਪਰ ਉਸ ਦੀ ਪੁਲਿਸ ਨਾਲ ਪਿਛਲੀ ਗੱਲਬਾਤ ਦੇ ਵੇਰਵੇ ਨਹੀਂ ਦਿੱਤੇ ਗਏ।

## ਨਵੀਂ ਪਲਾਸਟਿਕ ਪਾਬੰਦੀ ਪਹਿਲੀ ਜਨਵਰੀ ਤੋਂ

ਵੈਨਕੂਵਰ-ਵੈਨਕੂਵਰ ਪਲਾਸਟਿਕ ਤੇ ਕੰਟੇਨਰ ਰਹਿੰਦ ਖੂੰਹਦ 'ਤੇ ਹੋਰ ਕਾਬੂ ਪਾ ਰਿਹਾ ਹੈ। ਇਕ ਜਨਵਰੀ ਤੋਂ ਕੂੜੇ ਵਿਚ ਕਟੌਤੀ ਲਈ ਨਵੀਂ ਫੀਸ ਦੇ ਨਾਲ ਸ਼ਾਪਿੰਗ ਬੈਗਸ 'ਤੇ ਪਾਬੰਦੀ ਦੇ ਨਵੇਂ ਨਿਯਮ ਲਾਗੂ ਹੋ ਜਾਣਗੇ। ਹਰੇਕ ਸਾਲ ਬ੍ਰਿਟਿਸ਼ ਕੋਲੰਬੀਆ ਦੇ ਤੱਟਾਂ 'ਤੇ ਟਨਾਂ ਬੱਧੀ ਪਲਾਸਟਿਕ ਤੇ ਹੋਰ ਕਚਰਾ ਹੜ੍ਹਦਾ ਹੈ। 2018 ਵਿਚ ਵੈਨਕੂਵਰ ਸ਼ਹਿਰ ਨੇ 80 ਮਿਲੀਅਨ ਸਿੰਗਲ ਯੂਜ਼ ਕੱਪਾਂ ਦੇ ਨਾਲ 89 ਮਿਲੀਅਨ ਪਲਾਸਟਿਕ ਸ਼ਾਪਿੰਗ ਬੈਗਸ ਨੂੰ ਬਾਹਰ ਕੀਤਾ ਸੀ।

JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com



ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616



# ਬੁਰੀ ਨਜ਼ਰ ਤੋਂ ਹੀ ਨਹੀਂ, ਬੀਮਾਰੀਆਂ ਨੂੰ ਵੀ ਦੂਰ ਰੱਖਦਾ ਹੈ ਨਿੰਬੂ-ਮਿਰਚ

ਨਵੀਂ ਦਿੱਲੀ-ਜ਼ਿਆਦਾਤਰ ਲੋਕ ਬੁਰੀ ਨਜ਼ਰ ਤੋਂ ਬਚਣ ਲਈ ਘਰ ਜਾਂ ਦਫਤਰ ਵਿਚ ਨਿੰਬੂ ਮਿਰਚ ਲਟਕਾਉਂਦੇ ਹਨ। ਹਾਲ ਹੀ ਵਿਚ ਇਕ ਰਿਸਰਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਘਰ ਦੇ ਬਾਹਰ ਨਿੰਬੂ ਮਿਰਚ ਲਟਕਾਉਣ ਨਾਲ ਕਈ ਸਿਹਤ ਸੰਬੰਧੀ ਲਾਭ ਮਿਲਦੇ ਹਨ। ਇਹ ਸਿਰਫ ਬੁਰੀ ਨਜ਼ਰ ਤੋਂ ਹੀ ਨਹੀਂ ਬਚਾਉਂਦੇ ਸਗੋਂ ਸਰੀਰ ਨੂੰ ਕਈ ਬੀਮਾਰੀਆਂ ਤੋਂ ਦੂਰ ਰੱਖਦਾ ਹੈ। ਅੱਜ ਅਸੀਂ ਤੁਹਾਨੂੰ ਦੱਸ ਦੇਈਏ ਕਿ ਘਰ ਦੇ ਬਾਹਰ ਨਿੰਬੂ ਮਿਰਚ ਟੰਗਣ ਨਾਲ ਕੀ ਫਾਇਦੇ ਹੁੰਦੇ ਹਨ। ਸ਼ਨੀਵਾਰ ਦੇ ਦਿਨ ਸਵੇਰੇ ਇਕ ਨਿੰਬੂ ਅਤੇ ਸੱਤ ਮਿਰਚ ਨੂੰ ਧਾਗੇ ਵਿਚ ਬੰਨ ਕੇ ਦਰਵਾਜੇ 'ਤੇ ਲਟਕਾਇਆ ਜਾਂਦਾ



ਹੈ ਅਤੇ ਹਰ ਹਫਤੇ ਇਸ ਨੂੰ ਬਦਲਿਆ ਜਾਂਦਾ ਹੈ। ਨਿੰਬੂ-ਮਿਰਚ ਬੁਰੀ ਨਜ਼ਰ ਤੋਂ ਬਚਾਉਣ ਦੇ ਨਾਲ-ਨਾਲ ਵਾਸਤੂ ਦੋਸ਼ ਵੀ ਦੂਰ ਕਰਦਾ ਹੈ। ਘਰ ਦੇ ਆਲੇ-ਦੁਆਲੇ ਨਿੰਬੂ ਦੇ ਪੇਟ ਹੋਣ ਨਾਲ ਵਾਤਾਵਰਣ ਸ਼ੁੱਧ ਰਹਿੰਦਾ ਹੈ, ਜਿਸ ਨਾਲ ਸਰੀਰ ਸਿਹਤਮੰਦ ਰਹਿੰਦਾ ਹੈ। ਉਂਝ ਅੱਜਕਲ ਸ਼ਹਿਰਾਂ ਵਿਚ ਹਰ ਘਰ ਵਿਚ ਨਿੰਬੂ ਦਾ ਰੁੱਖ ਨਹੀਂ ਹੁੰਦਾ। ਇਸ ਲਈ ਨਿੰਬੂ-ਮਿਰਚ ਦਾ ਇਸਤੇਮਾਲ ਕੀਤਾ ਜਾਂਦਾ ਹੈ। ਨਿੰਬੂ ਇਕ ਤਰ੍ਹਾਂ ਨਾਲ ਪਿਊਰੀਫਾਅਰ ਦਾ ਕੰਮ ਕਰਦਾ ਹੈ, ਜਿਸ ਨਾਲ ਬੀਮਾਰੀਆਂ ਸਰੀਰ ਤੋਂ ਦੂਰ ਰਹਿੰਦੀਆਂ ਹਨ। ਮਿਰਚ ਦੀ ਤੀਖੀ ਖ਼ੁਸ਼ਬੂ ਵੀ ਹਵਾ ਨੂੰ ਸਾਫ ਰੱਖਣ ਦਾ ਕੰਮ ਕਰਦੀ ਹੈ।

# 50 ਸਾਲ ਦੀ ਉਮਰ ਤੋਂ ਬਾਅਦ ਵੀ ਔਰਤਾਂ ਲਈ ਸੈਕਸ ਹੈ ਜ਼ਰੂਰੀ

ਯੂਰਪ ਦੀ ਸਭ ਤੋਂ ਵੱਡੀ ਮਨੁੱਖੀ ਅਧਿਕਾਰ ਅਦਾਲਤ ਨੇ ਇਕ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਔਰਤਾਂ ਲਈ ਸੈਕਸ 50 ਸਾਲ ਦੀ ਉਮਰ



ਤੋਂ ਬਾਅਦ ਵੀ ਜ਼ਰੂਰੀ ਹੈ। ਯੂਰਪ ਦੀ ਅਦਾਲਤ ਨੇ ਪੁਰਤਗਾਲ ਦੀ ਅਦਾਲਤ ਦੇ ਉਸ ਫੈਸਲੇ ਦੇ ਖਿਲਾਫ ਫੈਸਲਾ ਦਿੱਤਾ ਹੈ ਜਿਸ ਵਿਚ ਇਕ ਪੁਰਤਗਾਲੀ ਔਰਤ ਨੂੰ ਦਿੱਤਾ ਜਾਣ ਵਾਲਾ ਮੁਆਵਜ਼ਾ ਘੱਟ ਕਰ ਦਿੱਤਾ ਗਿਆ ਸੀ। ਔਰਤ ਨੇ ਇਕ ਹਸਪਤਾਲ ਦੇ ਖਿਲਾਫ ਕੇਸ ਕੀਤਾ ਸੀ ਕਿ ਉਥੇ ਆਪ੍ਰੇਸ਼ਨ ਤੋਂ ਬਾਅਦ ਉਸ ਦਾ ਆਮ ਅਤੇ ਸੈਕਸ ਜੀਵਨ ਖਰਾਬ ਹੋ ਗਿਆ ਹੈ। ਔਰਤ ਨੇ ਹਸਪਤਾਲ ਤੋਂ ਹਰਜਾਨਾ ਮੰਗਿਆ ਸੀ। ਔਰਤ ਦੀ ਸਰਜਰੀ 1995 ਵਿਚ ਹੋਈ ਸੀ। ਉਦੋਂ ਉਸ ਦੀ ਉਮਰ 50 ਸਾਲ ਸੀ। ਸਾਲ 2014 ਦੇ ਫੈਸਲੇ ਵਿਚ ਪੁਰਤਗਾਲੀ ਜੱਜ ਨੇ ਕਿਹਾ ਸੀ ਕਿ ਇਸ ਉਮਰ ਵਿਚ ਸੈਕਸ ਜਵਾਨੀ ਜਿੰਨਾ ਅਹਿਮ ਨਹੀਂ ਰਹਿ ਜਾਂਦਾ। 72 ਸਾਲਾ ਮਾਰੀਆ ਇਵੋਨੇ ਕਾਰਵਾਲਹੋ ਡਿਸੂਜਾ ਨੇ ਪੁਰਤਗਾਲੀ ਅਦਾਲਤ ਦੇ ਫੈਸਲੇ ਨੂੰ ਫਰਾਂਸ ਦੇ ਸਟ੍ਰਾਂਸਬਰਗ ਸਥਿਤ ਯੂਰਪੀ ਮਨੁੱਖੀ ਅਧਿਕਾਰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਅਦਾਲਤ ਦੀ 5 ਜੱਜਾਂ ਦੀ ਬੈਂਚ ਨੇ ਔਰਤ ਦੇ ਪੱਖ ਵਿਚ ਫੈਸਲਾ ਦਿੱਤਾ।

# ਕਈ ਕਾਰਨਾਂ ਕਰਕੇ ਹੋ ਸਕਦੀ ਹੈ ਛਾਤੀ ਵਿਚ ਦਰਦ

ਨਵੀਂ ਦਿੱਲੀ-ਹਾਰਟ ਅਟੈਕ ਇਕ ਅਜਿਹੀ ਸਮੱਸਿਆ ਹੈ ਜਿਸਦਾ ਨਾਂ ਸੁਣਦੇ ਹੀ ਲੋਕ ਡਰ ਜਾਂਦੇ ਹਨ। ਅਕਸਰ ਛਾਤੀ ਵਿਚ ਦਰਦ ਹੋਣ 'ਤੇ ਲੋਕ ਹਾਰਟ ਅਟੈਕ ਸਮੱਝ ਕੇ ਪ੍ਰੇਸ਼ਾਨ ਹੋ ਜਾਂਦੇ ਹਨ ਪਰ ਜ਼ਰੂਰੀ ਨਹੀਂ ਛਾਤੀ ਵਿਚ ਦਰਦ ਹਾਰਟ ਅਟੈਕ ਆਉਣ 'ਤੇ ਹੀ ਹੋਵੇ। ਇਸ ਦੇ ਪਿੱਛੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ। ਟੀ.ਵੀ. ਜਾਂ ਫਿਰ ਪੇਟ ਵਿਚ ਅਲਸਰ ਹੋਣ ਦੇ ਕਾਰਨ ਵੀ ਛਾਤੀ ਵਿਚ ਦਰਦ ਹੋਣ ਲਗਦਾ ਹੈ ਪਰ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਅਜਿਹੀ ਪ੍ਰੇਸ਼ਾਨੀ ਹੁੰਦੇ ਹੀ ਤੁਰੰਤ ਡਾਕਟਰ ਤੋਂ ਜਾਂਚ ਕਰਵਾਓ। ਛਾਤੀ ਵਿਚ ਦਰਦ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ 1. ਕਈ ਵਾਰ ਧਮਨੀਆਂ ਦੇ



ਸੁੰਗੜਣ ਦੇ ਕਾਰਨ ਖ਼ੂਨ ਦੇ ਬਹਾਅ ਵਿਚ ਦਿੱਕਤ ਆਉਣ ਲੱਗਦੀ ਹੈ ਜਿਸ ਨਾਲ ਧਮਨੀਆਂ ਵਿਚ ਖ਼ੂਨ ਦਾ ਥੱਕਾ ਬਣ ਜਾਂਦਾ ਹੈ। ਇਸ ਹਾਲਤ ਵਿਚ ਆਕਸੀਜ਼ਨ ਦਿਲ ਤੱਕ ਨਹੀਂ ਪਹੁੰਚ ਪਾਉਂਦੀ ਅਤੇ ਛਾਤੀ ਵਿਚ ਦਰਦ ਹੋਣ ਲੱਗਦਾ ਹੈ। ਇਸ ਬੀਮਾਰੀ ਨੂੰ ਐਨਜਾਈਨਾ ਕਹਿੰਦੇ ਹਨ। ਸਮੇਂ ਰਹਿੰਦੇ ਇਸ ਬੀਮਾਰੀ ਦਾ ਇਲਾਜ਼ ਕਰਵਾਉਣਾ ਜ਼ਰੂਰੀ ਹੈ। 2. ਜ਼ਿਆਦਾ ਤਣਾਅ ਵਿਚ ਰਹਿਣ ਨਾਲ ਵੀ ਛਾਤੀ ਵਿਚ ਦਰਦ ਹੋਣ ਲੱਗਦਾ ਹੈ। ਛਾਤੀ ਵਿਚ ਦਰਦ ਹੋਣ ਦਾ ਕਾਰਨ ਹਾਈ ਬਲੱਡ ਪ੍ਰੈਸ਼ਰ ਵੀ ਹੈ। ਇਸ ਲਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿਚ ਰੱਖੋ। 3. ਕਈ ਵਾਰ ਕਿਸੇ ਚੀਜ਼ ਨਾਲ ਡਰਣ ਜਾਂ ਫਿਰ ਸਦਮਾ ਲੱਗਣ ਨਾਲ ਦਿਲ ਦੀ ਧੜਕਣ ਵੱਧਣ ਲਗਦੀ ਹੈ, ਜਿਸ ਨਾਲ ਛਾਤੀ ਵਿਚ ਦਰਦ ਹੋਣ ਲੱਗਦਾ ਹੈ। 4. ਅਸਲ ਵਿਚ ਦਿਲ ਤੱਕ ਪਹੁੰਚਣ ਵਾਲੀਆਂ ਧਮਨੀਆਂ ਵਿਚ ਕਿਸੇ ਵੀ ਤਰ੍ਹਾਂ ਦਾ ਪਰਿਵਰਤਨ ਆਉਣ 'ਤੇ ਵੀ ਛਾਤੀ ਵਿਚ ਦਰਦ ਹੁੰਦਾ ਹੈ। ਛਾਤੀ ਦੇ ਦਰਦ ਤੋਂ ਬਚਾਅ ਲਈ ਆਪਣੇ ਖਾਣ-ਪੀਣ ਦਾ ਪੂਰਾ ਧਿਆਨ ਰੱਖੋ। ਰੋਜ਼ ਕਸਰਤ ਕਰੋ। ਆਪਣੀ ਡਾਈਟ ਵਿਚ ਫਾਈਬਰ ਦੀ ਮਾਤਰਾ ਨੂੰ ਵਧਾਓ ਅਤੇ ਕੈਲੋਰੀ ਘੱਟ ਕਰੋ। ਤਣਾਅ ਤੋਂ ਦੂਰ ਅਤੇ ਖ਼ੁਸ਼ ਰਹੋ। ਸ਼ਰਾਬ ਅਤੇ ਸਿਗਰਟ ਦੀ ਵਰਤੋਂ ਨਾ ਕਰੋ।

# ਤੇਜ਼ੀ ਨਾਲ ਭਾਰ ਘੱਟ ਕਰਨਾ ਹੈ ਤਾਂ ਸਵੇਰੇ ਉੱਠਦੇ ਹੀ ਪੀਓ ਇਹ ਹੈਲਦੀ ਡ੍ਰਿੰਕ


ਤੁਹਾਡੀ ਫਿੱਟਨੇਸ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ



ਤੁਸੀਂ ਸਵੇਰੇ ਕੀ ਚੀਜ਼ ਖਾਂਦੇ ਹੋ ਜਾਂ ਕੀ ਪੀਂਦੇ ਹੋ। ਜ਼ਿਆਦਾਤਰ ਲੋਕ ਸਵੇਰੇ ਉੱਠਦੇ ਹੀ ਇਕ ਗਲਾਸ ਪਾਣੀ ਜਾਂ ਕੌਫੀ ਪੀਂਦੇ ਹਨ। ਤੁਸੀਂ ਰਾਤ ਵਿਚ ਲੱਗਭਗ 8 ਘੰਟੇ ਸੋਂਦੇ ਹੋ ਅਤੇ ਇਸ ਦੌਰਾਨ ਸਰੀਰ ਵਿਚ ਪਾਣੀ ਦੀ ਥੋੜ੍ਹੀ ਦੀ ਮਾਤਾਰ ਸਰੀਰ ਵਿਚ ਨਹੀਂ ਜਾਂਦੀ। ਇਹੀ ਕਾਰਨ ਹੈ ਕਿ ਡਾਕਟਰ ਅਤੇ ਬਜੁਰਗ ਇਹ ਸਲਾਹ ਦਿੰਦੇ ਹਨ ਕਿ ਸਵੇਰੇ ਉੱਠਦੇ ਹੀ ਪਾਣੀ ਪੀਣਾ ਚਾਹੀਦਾ ਹੈ ਪਰ ਤੁਸੀਂ ਪਾਣੀ ਦੇ ਨਾਲ ਨਿੰਬੂ ਅਤੇ ਅਦਰਕ ਦੀ ਵਰਗੀਆਂ ਚੀਜ਼ਾਂ ਨੂੰ ਮਿਲਾ ਕੇ ਵੀ ਪੀ ਸਕਦੇ ਹੋ। ਆਓ ਜਾਣਦੇ ਹਾਂ ਇਸ ਡ੍ਰਿੰਕ ਨੂੰ ਬਣਾਉਣ ਦੀ ਵਿਧੀ ਬਾਰੇ ਸਮੱਗਰੀ—• 12 ਔਂਸ ਪਾਣੀ • 2 ਚਮੱਚ ਨਿੰਬੂ ਦਾ ਰਸ • ਅੱਧਾ ਚਮੱਚ ਅਦਰਕ। ਬਣਾਉਣ ਦੀ ਵਿਧੀ—ਇਕ ਜਾਰ ਲਓ ਅਤੇ ਉਸ ਵਿਚ 12 ਔਂਸ ਪਾਣੀ ਪਾਓ। ਇਸ ਵਿਚ ਨਿੰਬੂ ਦਾ ਰਸ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਲਾਓ। ਫਿਰ ਇਸ ਵਿਚ ਕੁੱਟੀ ਹੋਈ ਅਦਰਕ ਪਾਓ ਅਤੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਨਾਲ ਹਿਲਾਓ। ਇਸ ਡ੍ਰਿੰਕ ਨੂੰ ਰੋਜ਼ਾਨਾ ਸਵੇਰੇ ਉੱਠਦੇ ਹੀ ਪੀਓ।

# ਲੀਵਰ ਨੂੰ ਰੱਖੋ ਸਾਫ ਅਤੇ ਸਿਹਤਮੰਦ

ਦਿਲ ਫੇਫੜੇ, ਜਿਗਰ, ਗੁਰਦੇ ਅਤੇ ਦਿਮਾਗ ਵਿਅਕਤੀ ਦੇ ਸਰੀਰ ਦੇ ਬਹੁਤ ਜ਼ਰੂਰੀ ਅੰਗ ਹਨ ਕਿਉਂਕਿ ਇਨ੍ਹਾਂ ਦੇ ਬਿਨਾਂ ਵਿਅਰਕਤੀ ਦਾ ਜ਼ਿੰਦਾ ਰਹਿਣਾ ਅਸੰਭਵ ਹੈ। ਇਨ੍ਹਾਂ ਅੰਗਾਂ ਨੂੰ ਥੋੜ੍ਹਾ ਜਿਹਾ ਵੀ ਨੁਕਸਾਨ ਹੋਣ 'ਤੇ ਜਾਂ ਤਾਂ ਉਹ ਕੰਮ ਕਰਨਾ ਬੰਦ ਕਰ ਦਿੰਦੇ ਹਨ ਜਾਂ ਫਿਰ ਵਿਅਕਤੀ ਦੀ ਮੌਤ ਹੋ ਜਾਂਦੀ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਚੀਜ਼ਾਂ ਬਾਰੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਦੀ ਵਰਤੋਂ ਨਾਲ ਤੁਸੀਂ ਲੀਵਰ ਨੂੰ ਸਿਹਤਮੰਦ ਰੱਖ ਸਕਦੇ ਹੋ। ਆਓ ਜਾਣਦੇ ਹਾਂ ਉਨ੍ਹਾਂ ਚੀਜ਼ਾਂ ਬਾਰੇ—



### 1. ਪੱਤੇਦਾਰ ਸਬਜ਼ੀਆਂ ਖਾਓ

ਆਪਣੀ ਡਾਈਟ ਵਿਚ ਪੱਤੇਦਾਰ ਸਬਜ਼ੀਆਂ ਜਿਵੇਂ ਸਾਗ, ਨਿੰਬੂ, ਬਲੂਬੇਰੀ, ਅੰਗੂਰ ਆਦਿ ਨੂੰ ਸ਼ਾਮਲ ਕਰੋ। ਇਸ ਨਾਲ ਲੀਵਰ ਸਾਫ ਅਤੇ ਸਿਹਤਮੰਦ ਰਹਿੰਦਾ ਹੈ।

### 2. ਸਬਜ਼ੀਆਂ ਦਾ ਜੂਸ

ਰੋਜ਼ਾਨਾ ਸਵੇਰੇ ਖਾਲੀ ਪੇਟ ਕੱਚੀ ਸਬਜ਼ੀਆਂ ਦਾ ਰਸ ਪੀਣ ਨਾਲ ਲੀਵਰ ਸਾਫ ਰਹਿੰਦਾ ਹੈ। ਇਨ੍ਹਾਂ ਸਬਜ਼ੀਆਂ ਦੇ ਰਸ ਨਾਲ ਅਦਰਕ ਵੀ ਮਿਲਾਓ।

### ਪੋਟਾਸ਼ੀਅਮ ਵਾਲੀਆਂ ਚੀਜ਼ਾਂ ਦੀ ਵਰਤੋਂ

ਪੋਟਾਸ਼ੀਅਮ ਵਾਲੇ ਪਦਾਰਥਾਂ ਨੂੰ ਖਾਓ ਕਿਉਂਕਿ ਪੋਟਾਸ਼ੀਅਮ ਲੀਵਰ ਸੈੱਲਸ ਦੀ ਮੁਰਮੱਤ ਵੀ ਕਰ ਸਕਦਾ ਹੈ। ਇਨ੍ਹਾਂ ਖਾਣੇ ਦੀਆਂ ਚੀਜ਼ਾਂ ਵਿਚ ਕੇਲੇ, ਮਿੱਠੇ ਆਲੂ ਅਤੇ ਬੀਨਸ ਆਦਿ ਨੂੰ ਸ਼ਾਮਲ ਕਰੋ।

### ਕੌਫੀ, ਹਲਦੀ, ਸ਼ਰਾਬ

ਕੌਫੀ ਨਾਲ ਨਾ ਸਿਰਫ ਲੀਵਰ ਸਾਫ ਹੁੰਦਾ ਹੈ ਸਗੋਂ ਤੁਹਾਡੀਆਂ ਅੰਤੜੀਆਂ ਵੀ ਸਾਫ ਕਰਦੀ ਹੈ ਕਿਉਂਕਿ ਇਸ ਵਿਚ ਐਂਟੀਆਕਸੀਡੇਂਟ ਹੁੰਦੇ ਹਨ। ਆਪਣੇ ਭੋਜਨ ਵਿਚ ਹਲਦੀ ਨੂੰ ਜ਼ਰੂਰ ਸ਼ਾਮਲ ਕਰੋ ਕਿਉਂਕਿ ਹਲਦੀ ਤੁਹਾਡੇ ਲੀਵਰ ਦੀ ਸਫਾਈ ਕਰਦੀ ਹੈ ਅਤੇ ਇਹ ਹੈਪੇਟਾਈਟਿਸ ਦੇ ਕਾਰਨ ਲੀਵਰ ਦੀ ਸੋਜ ਨੂੰ ਵੀ ਘੱਟ ਕਰ ਸਕਦੀ ਹੈ। ਜੇ ਤੁਸੀਂ ਸਿਹਤਮੰਦ ਲੀਵਰ ਚਾਹੁੰਦੇ ਹੋ ਤਾਂ ਸ਼ਰਾਬ ਤੋਂ ਪੂਰੀ ਤਰ੍ਹਾਂ ਨਾਲ ਪਰਹੇਜ਼ ਕਰਨਾ ਚਾਹੀਦਾ ਹੈ। ਸ਼ਰਾਬ ਪੀਣ ਨਾਲ ਲੀਵਰ ਨੂੰ ਨੁਕਸਾਨ ਪਹੁੰਚਦਾ ਹੈ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਪਹਿਲੀ ਅਪ੍ਰੈਲ 1621 ਈ: ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਛੇਵੀਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਜੀ 1630 ਈ: ਤਕ ਅੰਮ੍ਰਿਤਸਰ ਵਿਖੇ ਰਹੇ ਤੇ ਉਸ ਤੋਂ ਬਾਅਦ ਪਰਿਵਾਰ ਸਮੇਤ ਕਰਤਾਰਪੁਰ ਸਾਹਿਬ ਵਿਖੇ ਚਲੇ ਗਏ। ਆਪ ਜੀ ਬਚਪਨ ਤੋਂ ਹੀ ਸੰਤ ਸਰੂਪ ਤੇ ਉੱਚੀ ਸੋਚ ਦੇ ਮਾਲਕ ਸਨ। ਉਨ੍ਹਾਂ ਨੂੰ ਧਰਮ ਗ੍ਰੰਥਾਂ ਦੀ ਵਿੱਦਿਆ ਦੇਣ ਦੇ ਨਾਲ-ਨਾਲ ਸ਼ਸਤਰਾਂ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਕਰਵਾਈ ਗਈ। ਉਨ੍ਹਾਂ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਦੀ ਧੀ ਬੀਬੀ ਗੁਜਰੀ ਜੀ ਨਾਲ ਹੋਇਆ। 1634 ਈ: ਨੂੰ ਕਰਤਾਰਪੁਰ ਸਾਹਿਬ ਵਿਖੇ ਹੋਈ ਜੰਗ ਚ ਉਨ੍ਹਾਂ ਨੇ ਆਪਣੇ ਜੌਹਰ ਦਿਖਾਏ ਤੇ ਆਪਣੇ ਆਪ ਨੂੰ ਤੇਗ ਦਾ ਧਨੀ ਸਾਬਿਤ ਕੀਤਾ। 1644 ਈ: ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਜੀ ਆਪਣੀ ਮਾਤਾ ਜੀ ਸਮੇਤ ਬਾਬਾ ਬਕਾਲਾ ਆ ਕੇ ਰਹਿਣ ਲੱਗ ਪਏ, ਜੋ ਉਨ੍ਹਾਂ ਦਾ ਨਾਨਕਾ ਪਿੰਡ ਸੀ। ਉਹ ਸਾਧਾਰਨ ਜਿਹੇ ਮਕਾਨ ਵਿਚ ਰਹਿਣ ਲੱਗ ਪਏ ਜਿੱਥੇ ਜ਼ਿਆਦਾ ਸਮਾਂ ਸਿਮਰਨ ਵਿਚ ਲੀਨ ਰਹਿੰਦੇ। ਇੱਥੇ ਹੀ ਭਜਨ ਬੰਦਗੀ ਵਿਚ 20 ਸਾਲ ਬੀਤ ਗਏ।



ਮੱਖਣ ਸ਼ਾਹ ਲੁਬਾਣਾ ਨੇ ਲੱਭਿਆ ਅਸਲ ਗੁਰੂ

ਸ੍ਰੀ ਗੁਰੂ ਹਰਕ੍ਰਿਸ਼ਨ ਜੀ 30 ਮਾਰਚ 1664 ਈ: ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਗਤ ਨੂੰ ਕਹਿ ਗਏ 'ਬਾਬਾ ਬਕਾਲਾ'। ਇਹ ਗੱਲ ਦੂਰ-ਦੂਰ ਤਕ ਫੈਲ ਗਈ। ਮੌਕੇ ਦਾ ਲਾਭ ਉਠਾਉਣ ਲਈ ਬਕਾਲੇ ਚ 22 ਲੋਕਾਂ ਨੇ ਗੱਦੀਆਂ ਲਾ ਲਈਆਂ ਤੇ ਉਹ ਸਮਝਦੇ ਸਨ ਕਿ ਸਾਨੂੰ ਗੁਰੂ ਮੰਨ ਲਿਆ ਜਾਵੇਗਾ। ਸਮਾਂ ਬੀਤਿਆ, ਮਾਰਚ 1665 ਵਿਚ ਮੱਖਣ ਸ਼ਾਹ ਲੁਬਾਣਾ ਨਾਂ ਦੇ ਸ਼ਰਧਾਲੂ ਨੇ ਆਪਣਾ ਬੇੜਾ ਬਰੇਤੀ ਪਾਰ ਚੜ੍ਹ ਜਾਣ ਕਰਕੇ ਪੰਜ ਸੌ ਮੋਹਰਾਂ ਗੁਰੂ ਘਰ ਨੂੰ ਭੇਂਟ ਕਰਨ ਦੀ ਸੁੱਖਣਾ ਸੁੱਖੀ ਸੀ। ਮੋਹਰਾਂ ਭੇਟਾ ਲੈ ਕੇ ਉਹ ਬਕਾਲਾ ਵਿਖੇ ਪੁੱਜਿਆ। ਏਨੇ ਗੁਰੂ ਵੇਖ ਕੇ ਉਹ ਦੁਬਿਧਾ ਚ ਫਸ ਗਿਆ। ਉਹ ਹਰ ਇਕ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗ ਪਿਆ ਪਰ ਤਸੱਲੀ ਨਾ ਹੋਈ। ਉਸ ਨੇ ਗੁਰੂ ਸਾਹਿਬ ਨੂੰ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਉਹ ਕਹਿਣ ਲੱਗੇ ਕਿ ਤੂੰ ਪੰਜ ਸੌ ਮੋਹਰਾਂ ਦੀ ਥਾਂ ਪੰਜ ਮੋਹਰਾਂ ਭੇਟ ਕਰ ਰਿਹਾ ਹੈਂ। ਉਸੇ ਵੇਲੇ ਮੱਖਣ ਸ਼ਾਹ ਨੇ ਮੋਹਰਾਂ ਗੁਰੂ ਚਰਨਾਂ ਚ ਧਰ ਕੇ ਮੱਥਾ ਟੇਕਿਆ ਤੇ ਕੋਠੇ ਚੜ੍ਹ ਕੇ ਉੱਚੀ-ਉੱਚੀ ਪੁਕਾਰਨ ਲੱਗਿਆ, 'ਗੁਰੂ ਲਾਧੋ ਰੇ ਗੁਰੂ ਲਾਧੋ ਰੇ। 22 ਮੰਜੀਆਂ ਵਾਲੇ ਪਖੰਡੀ ਉੱਜੜ ਗਏ ਅਤੇ ਸੱਚੇ ਗੁਰੂ ਪ੍ਰਗਟ ਹੋ ਗਏ। ਸੰਗਤ ਹੁੰਮ-ਹੁੰਮਾ ਕੇ ਪੁੱਜਣ ਲੱਗੀ। 20 ਮਾਰਚ 1665 ਈ: ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸਤਿਗੁਰਾਂ ਨੂੰ ਤਿਲਕ ਲਾ ਕੇ ਗੁਰਿਆਈ ਬਖ਼ਸ਼ੀ।

ਕਈ ਇਲਾਕਿਆਂ ਚ ਕੀਤਾ ਸਿੱਖੀ ਦਾ ਪ੍ਰਚਾਰ

ਜਿਸ ਤਰ੍ਹਾਂ ਬੱਦਲ ਅਨੇਕਾਂ ਥਾਵਾਂ ਤੇ ਮੀਂਹ ਪਾ ਕੇ ਤਪਦੇ ਸੰਸਾਰ ਨੂੰ ਠੰਢ ਪਾਉਂਦਾ ਹੈ, ਉਸੇ ਤਰ੍ਹਾਂ ਸਤਿਗੁਰ ਨੇ ਆਤਮਿਕ ਸੰਦੇਸ਼ਾਂ ਨਾਲ ਸੰਸਾਰ ਨੂੰ ਤਾਰਿਆ। ਉਹ ਸ੍ਰੀ ਅਨੰਦਪੁਰ ਸਾਹਿਬ ਤੋਂ ਧਰਮ ਪ੍ਰਚਾਰ ਲਈ ਤੁਰ ਪਏ। ਕੁਝ ਉੱਘੇ ਸਿੱਖ ਸ਼ਰਧਾਲੂ ਵੀ ਨਾਲ ਸਨ। ਇਸ ਯਾਤਰਾ ਦਾ ਮੁੱਖ ਕਾਰਨ ਸੀ ਸਿੱਖ ਸੰਗਤ ਨਾਲ ਮੇਲ-ਜੋਲ ਕਰਨਾ ਤੇ ਦੂਜਾ ਔਰੰਗਜ਼ੇਬ ਦੀਆਂ ਗ਼ਲਤ ਨੀਤੀਆਂ ਕਾਰਨ ਕਸ਼ਟ ਝੱਲ ਰਹੇ ਲੋਕਾਂ ਨੂੰ ਜਥੇਬੰਦ ਕਰਨਾ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਦਾ ਹੱਲ ਕਰਨਾ। ਸੰਗਤ ਨਾਲ ਬਚਨ ਬਿਲਾਸ ਕਰਦੇ ਹੋਏ ਗੁਰੂ ਸਾਹਿਬ ਕੁਰੂਕਸ਼ੇਤਰ ਅਤੇ ਬਨੇਸਰ ਗਏ, ਜਿੱਥੇ ਉਨ੍ਹਾਂ ਦੀ ਯਾਦ ਚ ਕਈ ਇਤਿਹਾਸਿਕ ਗੁਰਦੁਆਰੇ ਹਨ। ਉਸ ਤੋਂ ਬਾਅਦ ਉਹ ਯਮੁਨਾ ਪਾਰ ਯੂਪੀ ਪਹੁੰਚੇ ਤੇ ਅਨੇਕਾਂ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਵਰਜਦਿਆਂ ਚੰਗਾ ਜੀਵਨ ਜਿਉਣ ਲਈ ਪ੍ਰੇਰਿਆ ਤੇ ਬਾਣੀ ਨਾਲ ਜੋੜਿਆ। ਇਸ ਉਪਰੰਤ ਉਹ ਮਥੁਰਾ ਅਤੇ ਆਗਰੇ ਤੋਂ ਤ੍ਰਿਵੇਣੀ ਅਤੇ ਕਾਸ਼ੀ ਪੁੱਜੇ। ਉਸ ਤੋਂ ਬਾਅਦ ਉਹ ਪਟਨਾ ਸਾਹਿਬ ਪੁੱਜੇ। ਉਹ ਜਿੱਥੇ-ਜਿੱਥੇ ਜਾਂਦੇ, ਉੱਥੇ ਬਾਣੀ ਦਾ ਰਸ ਵੰਡਦੇ।

ਸਿਦਕ ਅੱਗੇ ਹਾਰਿਆ ਮੁਗ਼ਲਾਂ ਦਾ ਜ਼ੁਲਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਦਾ ਇਨਸਾਫ਼, ਸੱਚਾਈ, ਦਲੇਰੀ ਤੇ ਇਮਾਨਦਾਰੀ ਵਾਲਾ ਜੀਵਨ ਜਿਉਣ ਲਈ ਸੰਗਤ ਨੂੰ ਪ੍ਰੇਰਦੇ ਸਨ। 11 ਜੁਲਾਈ, 1675 ਨੂੰ ਉਹ ਪੰਜ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋ ਕੇ ਆਗਰਾ ਪੁੱਜੇ। ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਆਗਰੇ ਤੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ : ਇਸਲਾਮ ਕਬੂਲ ਕਰੋ, ਕਰਾਮਾਤ ਵਿਖਾ?, ਮੌਤ ਕਬੂਲ ਕਰੋ। ਸਤਿਗੁਰ ਨੇ ਜਵਾਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ। ਕਰਾਮਾਤ ਕਹਿਰ ਦਾ ਨਾਂ ਹੈ, ਇਹ ਅਸੀਂ ਦਿਖਾਉਣੀ ਨਹੀਂ। ਤੀਜੀ ਰਹੀ ਮੌਤ ਇਸ ਨੂੰ ਅਸੀਂ ਪਰਵਾਨ ਕਰਦੇ ਹਾਂ। ਜੇ ਕਿਸੇ ਜ਼ੁਲਮ ਨੂੰ ਮਿਟਾਉਣ ਲਈ ਸਰੀਰ ਮਿਟ ਜਾਵੇ ਤਾਂ ਇਸ ਨੇ ਇਕ ਦਿਨ ਮਿਟ ਹੀ ਜਾਣਾ ਹੈ। ਸਤਿਗੁਰ ਨੂੰ ਸ਼ਹੀਦ ਕਰਨ ਲਈ ਹੁਕਮ ਜਾਰੀ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਤੇ ਫਿਰ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀਅ ਰੂੰ ਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ। ਉਸ ਤੋਂ ਬਾਅਦ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਚ ਉਬਾਲਿਆ ਗਿਆ। ਗੁਰੂ ਸਾਹਿਬ ਦੇ ਤਿੰਨ ਪਿਆਰੇ ਸਿੱਖ ਆਪਣਾ ਸਿਦਕ ਨਿਭਾਉਂਦੇ ਸ਼ਹੀਦ ਹੋ ਗਏ। 11 ਨਵੰਬਰ, 1675 ਵੀਰਵਾਰ ਦਾ ਦਿਨ ਸੀ ਜਦੋਂ ਦਿੱਲੀ ਦੇ ਚਾਂਦਨੀ ਚੌਂਕ ਚ ਗੁਰੂ ਸਾਹਿਬ ਦਾ ਸਿਰ ਜੱਲਾਦ ਵੱਲੋਂ ਧੜ ਤੋਂ ਵੱਖ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਥਾਂ ਤੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸ਼ੁਸ਼ੋਭਿਤ ਹੈ। ਗੁਰੂ ਸਾਹਿਬ ਦੇ ਸਿਦਕ ਅੱਗੇ ਮੁਗਲਾਂ ਦਾ ਜੁਲਮ ਹਾਰ ਗਿਆ। ਚਾਂਦਨੀ ਚੌਂਕ ਚ ਹਾਹਾਕਾਰ ਮਚੀ ਪਈ ਸੀ ਪਰ ਗੁਰੂ ਘਰ ਦੇ ਪਿਆਰੇ ਸਿੱਖ ਭਾਈ ਜੈਤਾ ਜੀ ਬੜੀ ਹੀ ਚੁਸਤੀ ਨਾਲ ਹਾਕਮਾਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਪਹੁੰਚ ਗਏ। ਗੁਰੂ ਸਾਹਿਬ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਬੜੇ ਮਾਣ-ਸਤਿਕਾਰ ਸਹਿਤ ਆਪਣੇ ਘਰ ਚ ਲੈ ਗਿਆ ਅਤੇ ਉੱਥੇ ਹੀ ਸਸਕਾਰ ਕਰ ਦਿੱਤਾ ਗਿਆ, ਜਿੱਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ। ਇਸ ਮਹਾਨ ਸ਼ਹੀਦੀ ਕਰਕੇ ਗੁਰੂ ਸਾਹਿਬ ਨੂੰ ਮਾਣ-ਸਤਿਕਾਰ ਨਾਲ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਦੇ ਸਿਦਕ ਅੱਗੇ ਮੁਗਲਾਂ ਦਾ ਜੁਲਮ ਹਾਰ ਗਿਆ। ਚਾਂਦਨੀ ਚੌਂਕ ਚ ਹਾਹਾਕਾਰ ਮਚੀ ਪਈ ਸੀ ਪਰ ਗੁਰੂ ਘਰ ਦੇ ਪਿਆਰੇ ਸਿੱਖ ਭਾਈ ਜੈਤਾ ਜੀ ਬੜੀ ਹੀ ਚੁਸਤੀ ਨਾਲ ਹਾਕਮਾਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਪਹੁੰਚ ਗਏ। ਗੁਰੂ ਸਾਹਿਬ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਬੜੇ ਮਾਣ- ਸਤਿਕਾਰ ਸਹਿਤ ਆਪਣੇ ਘਰ ਚ ਲੈ ਗਿਆ ਅਤੇ ਉੱਥੇ ਹੀ ਸਸਕਾਰ ਕਰ ਦਿੱਤਾ ਗਿਆ, ਜਿੱਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ। ਇਸ ਮਹਾਨ ਸ਼ਹੀਦੀ ਕਰਕੇ ਗੁਰੂ ਸਾਹਿਬ ਨੂੰ ਮਾਣ- ਸਤਿਕਾਰ ਨਾਲ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ।

## ਕਸ਼ਮੀਰੀ ਪੰਡਤਾਂ ਦੀ ਸੁਣੀ ਫ਼ਰਿਆਦ

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਫ਼ੈਸਲਾ ਕੀਤਾ ਕਿ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ ਅਤੇ ਸਭ ਤੋਂ ਪਹਿਲਾਂ ਕਸ਼ਮੀਰ ਹੀ ਚੁਣਿਆ ਜਾਵੇ। ਉਸ ਦਾ ਖ਼ਿਆਲ ਸੀ ਕਿ ਜੇ ਇਹ ਲੋਕ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀਆਂ ਨੂੰ ਵੀ ਤੋੜਨਾ ਔਖਾ ਨਹੀਂ। ਦੁਖੀ ਹੋਏ ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਕੋਲ ਜਾ ਫ਼ਰਿਆਦ ਕੀਤੀ। ਸਤਿਗੁਰਾਂ ਨੇ ਉਨ੍ਹਾਂ ਦੇ ਦੁੱਖ ਨੂੰ ਬਹੁਤ ਹੀ ਹਮਦਰਦੀ ਨਾਲ ਸੁਣਿਆ ਤੇ ਫੁਰਮਾਇਆ ਕਿ ਇਹ ਸੰਕਟ ਟਲ ਸਕਦਾ ਹੈ ਜੇ ਕੋਈ ਮਹਾਨ ਵਿਅਕਤੀ ਬਲਿਦਾਨ ਦੇਵੇ। ਇਹ ਸੁਣ ਕੇ ਕੋਲ ਬੈਠੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ, " ਪਿਤਾ ਜੀ ਤੁਹਾਡੇ ਤੋਂ ਮਹਾਨ ਵਿਅਕਤੀ ਹੋਰ ਕੌਣ ਹੋ ਸਕਦਾ ਹੈ? ਸਤਿਗੁਰਾਂ ਨੇ ਪੰਡਤਾਂ ਨੂੰ ਕਿਹਾ ਕਿ ਤੁਸੀਂ ਬੇਸ਼ੱਕ ਬਾਦਸ਼ਾਹ ਨੂੰ ਲਿਖ ਭੇਜੋ ਕਿ ਅਸੀਂ ਤੁਹਾਡੇ ਧਾਰਮਿਕ ਰਹਿਬਰ ਹਾਂ, ਜੇ ਇਹ ਇਸਲਾਮ ਕਬੂਲ ਕਰਦੇ ਹਨ ਤਾਂ ਅਸੀਂ ਵੀ ਇਸਲਾਮ ਕਬੂਲ ਕਰ ਲਵਾਂਗੇ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਉਣ ਦਾ ਹੁਕਮ ਦਿੱਤਾ। ਸਤਿਗੁਰਾਂ ਨੂੰ ਪਤਾ ਸੀ ਕਿ ਕੁਰਬਾਨੀ ਸਮੇਂ ਦੀ ਲੋੜ ਹੈ। ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਸੰਗਤ ਨੂੰ ਬਚਨ ਕੀਤਾ ਕਿ ਸਾਡੇ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਗੋਬਿੰਦ ਰਾਇ ਸੰਭਾਲਣਗੇ।

## ਚੱਕ ਨਾਨਕੀ ਵਸਾਉਣਾ

ਕੁਝ ਸਮਾਂ ਬਾਬਾ ਬਕਾਲਾ ਰਹਿਣ ਉਪਰੰਤ ਗੁਰੂ ਸਾਹਿਬ ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਦੀ ਯਾਤਰਾ ਕਰ ਕੇ ਅੰਮ੍ਰਿਤਸਰ ਪੁੱਜੇ। ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਥੜ੍ਹਾ ਸਾਹਿਬ ਤੋਂ ਬੇਰੀ ਥੱਲੇ ਆ ਬਿਰਾਜਣ ਤੋਂ ਬਾਅਦ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਮਸੰਦਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਸਾਹਿਬ ਬਾਹਰੋਂ ਹੀ ਦਰਸ਼ਨ ਕਰ ਕੇ ਕੁਝ ਕੁ ਦੂਰ ਪਿੰਡ ਵੱਲਾ ਵਿਖੇ ਪੁੱਜੇ। ਸੰਗਤ ਨੇ ਬਹੁਤ ਹੀ ਸਤਿਕਾਰ ਕੀਤਾ। ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ। ਗੁਰੂ ਸਾਹਿਬ ਨੇ ਮਾਝੇ ਚ ਗੁਰਦੁਆਰਿਆਂ ਦੀ ਯਾਤਰਾ ਤੋਂ ਬਾਅਦ ਕੀਰਤਪੁਰ ਸਾਹਿਬ ਜਾਣ ਦਾ ਮਨ ਬਣਾ ਲਿਆ ਪਰ ਧੀਰ ਮੱਲੀਆਂ ਦੇ ਹਮਾਇਤੀਆਂ ਦਾ ਵਤੀਰਾ ਠੀਕ ਨਾ ਹੋਣ ਕਾਰਨ ਸਤਿਗੁਰਾਂ ਨੇ ਕਹਿਲੂਰ ਦੇ ਰਾਜੇ ਪਾਸੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਇਸ ਦਾ ਨਾਂ ਚੱਕ ਨਾਨਕੀ ਆਪਣੀ ਮਾਤਾ ਜੀ ਦੇ ਨਾਂ ਤੇ ਰੱਖਿਆ, ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

Manulife Reduced 13% Term Rates For Limited Time
www.KaliaFinancial.com
Kalia Insurance and Financial Services



Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance
Sudesh Kalia 604-728-6740

# ਜਨਮ ਲੈਣ ਤੋਂ ਬਾਅਦ ਬੱਚਾ ਚੀਕ ਕਿਉਂ ਮਾਰਦਾ ਹੈ ?



ਬੱਚਿਓ, ਅੰਡੇ ਅਤੇ ਸ਼ੁਕਰਾਣੂ ਦੇ ਮੇਲ ਤੋਂ ਯੁਗਮ ਬਣਦਾ ਹੈ। ਇਹ ਯੁਗਮ ਬੱਚੇਦਾਨੀ ਨਾਲ ਚਿਪਕ ਜਾਂਦਾ ਹੈ। ਚਿਪਕਣ 'ਤੇ ਯੁਗਮ ਦਾ ਵਿਕਾਸ ਹੋਣਾ ਆਰੰਭ ਹੋ ਜਾਂਦਾ ਹੈ। ਇਸ ਤੋਂ ਭਰੂਣ ਪੈਦਾ ਹੁੰਦਾ ਹੈ। ਭਰੂਣ ਅਤੇ ਬੱਚੇਦਾਨੀ ਦੀ ਕੰਧ ਨਾਲ ਜਿਹੜੀ ਰਚਨਾ ਆਪਸ ਵਿੱਚ ਸੰਪਰਕ ਬਣਾਉਂਦੀ ਹੈ, ਉਸ ਨੂੰ ਔਲ ਕਹਿੰਦੇ ਹਨ। ਔਲ ਰਾਹੀਂ ਹੀ ਵਿਕਸਤ ਹੋ ਰਹੇ ਬੱਚੇ ਨੂੰ ਮਾਂ ਤੋਂ ਲਹੂ ਰਾਹੀਂ ਭੋਜਨ ਅਤੇ ਆਕਸੀਜਨ ਦੀ ਸਪਲਾਈ ਹੁੰਦੀ ਹੈ। ਬੱਚੇ ਦਾ ਮਲ ਤਿਆਗ ਵੀ ਔਲ ਰਾਹੀਂ ਹੀ ਹੁੰਦਾ ਹੈ। ਬੱਚਾ ਜਨਮ ਲੈਣ ਤੋਂ ਇਕਦਮ ਬਾਅਦ ਚੀਕ ਮਾਰਦਾ ਹੈ। ਇਹ ਚੀਕ ਜਨਮ ਤੋਂ 30 ਸੈਕਿੰਡ ਤੋਂ ਇੱਕ ਮਿੰਟ ਵਿਚਕਾਰ ਮਾਰੀ ਜਾਂਦੀ ਹੈ। ਜਨਮ ਤੋਂ ਪਹਿਲਾਂ ਬੱਚਾ ਮਾਂ ਤੋਂ ਔਲ ਰਾਹੀਂ ਆਕਸੀਜਨ ਲੈਂਦਾ ਹੈ। ਜਨਮ ਤੋਂ ਬਾਅਦ ਔਲ ਨੂੰ ਕੱਟ ਦਿੱਤਾ ਜਾਂਦਾ ਹੈ। ਹੁਣ ਬੱਚਾ ਔਲ ਰਾਹੀਂ ਆਕਸੀਜਨ ਨਹੀਂ ਲੈ ਸਕਦਾ ਹੈ। ਬੱਚੇ ਨੂੰ ਜਿਊਂਦਾ ਰਹਿਣ ਲਈ ਸਾਹ ਲੈਣਾ ਜ਼ਰੂਰੀ ਹੁੰਦਾ ਹੈ। ਬੱਚਾ ਜ਼ੋਰ ਨਾਲ ਸਾਹ ਲੈਂਦਾ ਹੈ ਜਿਸ ਨਾਲ ਹਵਾ ਫੇਫੜਿਆਂ ਵਿੱਚ ਜਾਂਦੀ ਹੈ ਅਤੇ ਫੇਫੜੇ ਸਾਫ਼ ਹੋ ਜਾਂਦੇ ਹਨ। ਜਦੋਂ ਫੇਫੜਿਆਂ ਤੋਂ ਹਵਾ ਬਹੁਤ ਦਬਾਅ ਨਾਲ ਬਾਹਰ ਆਉਂਦੀ ਹੈ ਤਾਂ ਸਵਰ ਤੰਤੂ ਕੰਬਦੇ ਹਨ। ਜਿਸ ਕਾਰਨ ਆਵਾਜ਼ ਪੈਦਾ ਹੁੰਦੀ ਹੈ। ਇਸ ਆਵਾਜ਼ ਨੂੰ ਚੀਕ ਕਹਿੰਦੇ ਹਨ। ਇਹ ਬੱਚੇ ਦਾ ਪਹਿਲਾ ਸਾਹ ਹੁੰਦਾ ਹੈ। ਫੇਫੜੇ ਸਾਫ਼ ਹੋਣ ਨਾਲ ਬੱਚਾ ਸਾਹ ਲੈਣਾ ਸ਼ੁਰੂ ਕਰ ਦਿੰਦਾ ਹੈ।

—ਕਰਨੈਲ ਸਿੰਘ ਰਾਮਗੜ੍ਹ



# ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਕਿਉਂ ਹੁੰਦਾ ਹੈ ?

ਬੱਚਿਓ, ਜਨਮ ਸਮੇਂ ਹਰੇਕ ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਹੁੰਦਾ ਹੈ। ਇਹ ਰੰਗ ਅਸਥਾਈ ਹੁੰਦਾ ਹੈ। ਬੱਚੇ ਦੀ ਉਮਰ ਵਧਣ ਨਾਲ ਅੱਖਾਂ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ। ਲਗਭਗ 6 ਤੋਂ 9 ਮਹੀਨੇ ਬਾਅਦ ਜ਼ਿਆਦਾਤਰ ਬੱਚਿਆਂ ਵਿੱਚ ਅੱਖਾਂ ਆਪਣਾ ਪੱਕਾ ਰੰਗ ਲੈ ਲੈਂਦੀਆਂ ਹਨ, ਪਰ ਅੱਖਾਂ ਦੇ ਰੰਗ ਦੀ ਤਬਦੀਲੀ 3 ਸਾਲ ਤਕ ਹੁੰਦੀ ਰਹਿੰਦੀ ਹੈ। ਅੱਖਾਂ ਦੇ ਰੰਗਦਾਰ ਭਾਗ ਨੂੰ ਆਇਰਸ ਕਹਿੰਦੇ ਹਨ। ਇਸ ਵਿੱਚ ਇੱਕ ਸੁਰਾਖ਼ ਹੁੰਦਾ ਹੈ ਜਿਸ ਨੂੰ ਪੁਤਲੀ ਕਹਿੰਦੇ ਹਨ। ਆਇਰਸ ਪੁਤਲੀ ਦੇ ਫੈਲਣ ਅਤੇ ਸੁੰਗੜਨ ਵਿੱਚ ਸਹਾਇਤਾ ਕਰਦਾ ਹੈ। ਮੈਲਾਨਿਨ ਇੱਕ ਪ੍ਰੋਟੀਨ ਹੈ ਜਿਸ ਦਾ ਰੰਗ ਕਾਲਾ ਹੁੰਦਾ ਹੈ। ਇਹ ਮੈਲਾਨਿਨ ਹੀ ਅੱਖਾਂ, ਚਮੜੀ ਅਤੇ ਵਾਲਾਂ ਨੂੰ ਰੰਗ ਦਿੰਦਾ ਹੈ। ਜਦੋਂ ਨਵੇਂ ਜਨਮੇ ਬੱਚੇ ਦੀਆਂ ਅੱਖਾਂ ਦੇ ਲੈਨਜ਼ 'ਤੇ ਪ੍ਰਕਾਸ਼ ਪੈਂਦਾ ਹੈ ਤਾਂ ਅੱਖਾਂ ਵਿੱਚ ਮੈਲਾਨਿਨ ਬਣਨਾ ਸ਼ੁਰੂ ਹੋ ਜਾਂਦਾ ਹੈ। ਜੀਨ ਹੀ ਮੈਲਾਨਿਨ ਬਣਨ ਦੀ ਕਿਰਿਆ ਨੂੰ ਕਾਬੂ ਵਿੱਚ ਰੱਖਦਾ ਹੈ। ਜੇ ਆਇਰਸ ਵਿੱਚ ਕਾਫ਼ੀ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਕਾਲਾ ਹੋ ਜਾਂਦਾ ਹੈ। ਜੇ ਘੱਟ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਹਲਕਾ ਗੁਲਾਬੀ ਜਾਂ ਹਲਕਾ ਪੀਲਾ ਹੁੰਦਾ ਹੈ। ਜੇ ਬੱਚੇ ਦੀਆਂ ਅੱਖਾਂ ਵਿੱਚ ਮੈਲਾਨਿਨ ਨਹੀਂ ਬਣਦਾ ਤਾਂ ਅੱਖਾਂ ਦਾ ਰੰਗ ਨੀਲਾ ਹੀ ਰਹਿੰਦਾ ਹੈ।

# ਬੱਚਿਆਂ ਦੀ ਜਾਨ ਬਚਾਏਗਾ ਸਸਤਾ ਟੀਕਾ

ਵਿਗਿਆਨੀਆਂ ਨੇ ਜਾਨਲੇਵਾ ਰੋਟਾਵਾਇਰਸ ਨੇ ਨਵੇਂ ਟੀਕੇ ਦਾ ਸਫਲ ਪ੍ਰੀਖਣ ਕੀਤਾ ਹੈ। ਇਹ ਟੀਕਾ ਸਸਤਾ ਹੈ ਅਤੇ ਇਸ ਨੂੰ ਫਰੀਜ਼ਰ 'ਚ ਰੱਖਣ ਦੀ ਜ਼ਰੂਰਤ ਵੀ ਨਹੀਂ ਪੈਂਦੀ। ਵੱਡੀ ਗਿਣਤੀ 'ਚ ਬੱਚੇ ਰੋਟਾਵਾਇਰਸ ਦਾ ਸ਼ਿਕਾਰ ਹੁੰਦੇ ਹਨ। ਸਸਤੇ ਟੀਕੇ ਦੀ ਉਪਲੱਬਧਤਾ ਲੱਖਾਂ ਬੱਚਿਆਂ ਦੀ ਜਾਨ ਬਚਾ ਸਕਦੀ ਹੈ। ਖੋਜਾਰਥੀਆਂ ਨੇ ਦੱਸਿਆ ਕਿ ਰੋਟਾਵਾਇਰਸ ਕਾਰਨ ਬੱਚਿਆਂ ਨੂੰ ਦਸਤ ਦੀ ਸ਼ਿਕਾਇਤ ਹੋ ਜਾਂਦੀ ਹੈ। ਲਗਾਤਾਰ ਦਸਤ ਕਾਰਨ ਹੋਣ ਵਾਲੀਆਂ



ਪਰੇਸ਼ਾਨੀਆਂ ਅਤੇ ਸਰੀਰ 'ਚ ਪਾਣੀ ਦੀ ਕਮੀ ਨਾਲ ਪੂਰੀ ਦੁਨੀਆ 'ਚ ਹਰ ਸਾਲ ਲੱਖਾਂ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਰੋਟਾਵਾਇਰਸ ਦੇ ਦੋ ਟੀਕੇ ਪਹਿਲਾਂ ਹੀ ਮੌਜੂਦ ਹਨ ਪਰ ਇਨ੍ਹਾਂ ਨੂੰ ਹਮੇਸ਼ਾ ਫਰੀਜ਼ਰ 'ਚ ਰੱਖਣਾ ਪੈਂਦਾ ਹੈ। ਇਨ੍ਹਾਂ ਦੀ ਲਾਗਤ ਵੀ ਜ਼ਿਆਦਾ ਹੈ। ਵਿਗਿਆਨੀਆਂ ਨੇ ਅਫ਼ਰੀਕੀ ਦੇਸ਼ ਨਾਈਜ਼ਰ 'ਚ ਨਵੇਂ ਟੀਕੇ ਦਾ ਪ੍ਰੀਖਣ ਕੀਤਾ ਹੈ। ਰੋਟਾਵਾਇਰਸ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ 'ਚ ਇਸ ਨੂੰ 67 ਫ਼ੀਸਦ ਤਕ ਸਫਲ ਪਾਇਆ ਗਿਆ ਹੈ।

# ਅਨਸੈਚੁਰੇਟਿਡ ਫੈਟੀ ਐਸਿਡ ਨਾਲ ਹੈ ਅਲਜ਼ਾਈਮਰ ਦਾ ਸਬੰਧ

ਅਲਜ਼ਾਈਮਰ ਨੂੰ ਸਮਝਣ ਦੀ ਦਿਸ਼ਾ 'ਚ ਵਿਗਿਆਨੀਆਂ ਨੇ ਇਕ ਹੋਰ ਕਦਮ ਵਧਾ ਦਿੱਤਾ ਹੈ।



ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਦਿਮਾਗ਼ 'ਚ ਮੌਜੂਦ ਵੱਖ-ਵੱਖ ਅਨਸੈਚੁਰੇਟਿਡ ਫੈਟੀ ਐਸਿਡ ਨਾਲ ਅਲਜ਼ਾਈਮਰ ਦਾ ਸਿੱਧਾ ਸਬੰਧ ਹੈ। ਅਲਜ਼ਾਈਮਰ ਇਕ ਮਾਨਸਿਕ ਬਿਮਾਰੀ ਹੈ, ਜਿਸ ਨਾਲ ਵਿਅਕਤੀ ਦੀ ਯਾਦਦਾਸ਼ਤ ਘੱਟ ਜਾਂਦੀ ਹੈ ਅਤੇ ਉਹ ਵਿਚਾਰਾਂ 'ਚ ਤਾਲਮੇਲ ਨਹੀਂ ਬਿਠਾ ਸਕਦਾ। ਹਾਲੇ ਤਕ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਦਿਮਾਗ਼ੀ ਪਰੇਸ਼ਾਨੀਆਂ ਲਈ ਦੋ ਵੱਡੇ ਅਣੂ ਤਾਓ ਅਤੇ ਐਮਲਾਇਡ ਪ੍ਰੋਟੀਨ ਜ਼ਿੰਮੇਵਾਰ ਹੈ। ਬਿਮਾਰੀ ਦੇ ਸਰਗਰਮ ਹੋਣ ਨਾਲ ਕਰੀਬ 20 ਸਾਲ ਪਹਿਲਾਂ ਹੀ ਦਿਮਾਗ਼ 'ਚ ਇਹ ਅਣੂ ਜੰਮਣ ਲੱਗਦੇ ਹਨ। ਤਾਜ਼ਾ ਖੋਜ 'ਚ ਇਸ ਤੋਂ ਅੱਗੇ ਦੀ ਕੜੀ ਮਿਲੀ ਹੈ। ਵਿਗਿਆਨੀਆਂ ਨੇ ਪਾਇਆ ਕਿ ਮਰੀਜ਼ਾਂ ਦੇ ਦਿਮਾਗ਼ 'ਚ ਓਮੇਗਾ-3 ਅਤੇ ਓਮੇਗਾ-6 ਫੈਟੀ ਐਸਿਡ ਦਾ ਮੈਟਾਬਾਲੀਜ਼ਮ ਸਿਹਤਮੰਦ ਲੋਕਾਂ ਦੀ ਤੁਲਨਾ 'ਚ ਘੱਟ ਜਾਂਦਾ ਹੈ। ਇਸ ਖੋਜ ਨਾਲ ਅਲਜ਼ਾਈਮਰ ਦੇ ਇਲਾਜ ਦੀ ਦਿਸ਼ਾ 'ਚ ਨਵੇਂ ਰਸਤੇ ਖੁੱਲ੍ਹਣ ਦੀ ਉਮੀਦ ਬੱਝੀ ਹੈ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ


**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™
With the support of
BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.




### ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਕਵੀਓ ਵਾਚ**

725 ਚਾਲੀ ਕੁ ਸਿੰਘ ਸੀ ਟੱਪ ਲਕੀਰ ਆਏ, ਉਨ੍ਹਾਂ ਮੌਤ ਦਾ ਡਰ ਭੁਲਾਇਆ ਏ।
ʻਬੋਲੇ ਸੋ ਨਿਹਾਲʼ ਦੇ ਲਾ ਨਾਰ੍ਹੇ, ਖ਼ੂਨ ਨਾੜੀਆਂ ਵਿੱਚੋਂ ਗਰਮਾਇਆ ਏ।
ਜੋ ਡਰਦੇ ਨਹੀਂ ਲਕੀਰ ਟੱਪੇ, ਉਥੋਂ ਉਨ੍ਹਾਂ ਨੂੰ ਝੱਟ ਭਜਾਇਆ ਏ।
ਦਲ ਰੋਕਣਾ ਆਪਾਂ ਨੇ ਮੁਗਲਾਂ ਦਾ, ਹਰਚੰਦ ਸਿੰਘਾ ਇਹ ਮਨ ਬਣਾਇਆ ਏ॥

726 ਚਾਲੀ ਕੁ ਸਿੰਘਾਂ ਚਮਕੌਰ ਦੀ ਜੰਗ ਲੜੀ, ਨਾਲ ਲੱਖਾਂ ਦੇ ਮੱਥਾ ਲਾਇਆ ਜੀ।
ਉਨ੍ਹੇ ਕੁ ਅੱਜ ਨੇ ਰੜੇ ਮੈਦਾਨ ਖੜੇ, ਅਕਾਲ ਪੁਰਖ ਦੀ ਕੈਸੀ ਮਾਇਆ ਜੀ।
ਥਾਂ ਥਾਂ ਸੀ ਸਿੱਖੀ ਦੀ ਪਰਖ ਹੋਈ, ਪਰ ਭੋਰਾ ਕਾਣ ਨਾ ਆਇਆ ਜੀ।
ਰਾਖੀ ਦੇਸ਼ ਤੇ ਧਰਮ ਦੀ ਯਾਦ ਰੱਖੀ, ਬਾਕੀ ਸਭੋ ਕੁੱਝ ਭੁਲਾਇਆ ਜੀ॥

**ਮਹਾਂ ਸਿੰਘ ਜੀ**

727 ਮਹਾਂ ਸਿੰਘ ਜੀ ਕਹਿੰਦੇ ਚੌਧਰੀ ਨੂੰ, ਸਾਡੇ ਘਰੀਂ ਸੁਨੇਹਾ ਲਾ ਦੇਣਾ।
ਉਡੀਕ ਕਰਨ ਨਾ ਸਾਡੇ ਆਉਣ ਵਾਲੀ, ਅਸੀਂ ਸਿੱਖੀ ਸਿਦਕ ਨਿਭਾਅ ਦੇਣਾ।
ਜੀਵਨ ਅਸੀਂ ਗੁਰਾਂ ਦੇ ਨਾਮ ਕੀਤਾ, ਅੱਜ ਉਨ੍ਹਾਂ ਦੇ ਨਾਮ ਲਵਾ ਦੇਣਾ।
ਹਰਚੰਦ ਸਿੰਘਾ ਗੁਰਾਂ ਨੂੰ ਜੋ ਦਿੱਤਾ, ਬੇਦਾਵਾ ਅੱਜ ਪੜਵਾ ਦੇਣਾ॥

**ਸ਼ਾਹੀ ਲਸ਼ਕਰ ਦਾ ਆਉਣਾ**

728 ਉੱਚੇ ਰੁੱਖ ਤੇ ਚੜ੍ਹ ਕੇ ਵੇਖ ਲਿਆ, ਪੂਰਵ ਵੱਲ ਹੈ ਗਰਦ-ਗਵਾਰ ਹੋਇਆ।
ਇਕ ਕੋਸ ਤੇ ਲਸ਼ਕਰ ਆਣ ਪਹੁੰਚਾ, ਥੋਹੜੇ ਚਿਰ ਨੂੰ ਸਮਝੋ ਵਾਰ ਹੋਇਆ।
ਬੀਬੀ ਭਾਗੋ ਮੜਾਸਾ ਮਾਰ ਲਿਆ, ਹਰ ਵੀਰ ਸੀ ਝੱਟ ਤਿਆਰ ਹੋਇਆ।
ਹਰਚੰਦ ਸਿੰਘਾ ਓਟ ਲੈ ਝਾੜੀਆਂ ਦੀ, ਸਾਵਧਾਨ ਸੀ ਹਰ ਅਸਵਾਰ ਹੋਇਆ॥

**ਗੁਰੂ ਜੀ ਦਾ ਮੋਰਚਾ**

729 ਸਤਿਗੁਰ ਜਾ ਖਿਦਰਾਣੇ ਦੀ ਢਾਬ ਉਤੇ, ਉੱਚੀ ਟਿੱਬੀ ਤੇ ਮੋਰਚੇ ਲਾ ਦਿੱਤੇ।
ਕਛਹਿਰੇ, ਕੁੜਤੇ, ਚਾਦਰੇ, ਖੇਸ, ਕੰਬਲ, ਸਾਰੇ ਝਾੜਾਂ-ਕਰੀਰਾਂ ਤੇ ਪਾ ਦਿੱਤੇ।
ਜਿੱਥੇ ਤੀਕ ਨਿਗਾਹਾਂ ਜਾਂਦੀਆਂ ਸੀ, ਉਹ ਤੰਬੂ ਹੀ ਤੰਬੂ ਬਣਾ ਦਿੱਤੇ।
ਹਰਚੰਦ ਸਿੰਘਾ ਇਝ ਪ੍ਰਤੀਤ ਹੋਵੇ, ਸਾਰੇ ਪੰਜਾਬ ਨੇ ਆਸਣ ਲਗਾ ਦਿੱਤੇ॥

**ਬੀਬੀ ਭਾਗੋ ਦਾ ਮੋਰਚਾ**

730 ਬੀਬੀ ਭਾਗੋ ਤੇ ਮਹਾਂ ਸਿੰਘ ਕਹਿੰਦੇ, ਬਸਤਰ ਆਪਾਂ ਵੀ ਰੁੱਖਾਂ ਤੇ ਤਾਣ ਦੇਣੇ।
ਧਿਆਨ ਵੈਰੀ ਦਾ ਆਪਣੇ ਵੱਲ ਕਰਨਾ, ਸਿੱਧੇ ਗੁਰੂ ਜੀ ਵੱਲ ਨਹੀਂ ਜਾਣ ਦੇਣੇ।
ਅਚਾਨਕ ਹਮਲਾ ਜੋਸ਼ ਦੇ ਨਾਲ ਕਰਕੇ, ਮਾਰ ਬਰਛੀਆਂ ਕੱਢ ਪ੍ਰਾਣ ਦੇਣੇ।
ਦੂਹਰਾ ਦੇਣਾ ਯੁੱਧ ਚਮਕੌਰ ਵਾਲਾ, ਹਰਚੰਦ ਸਿੰਘਾ ਕਰ ਨੇ ਘਾਣ ਦੇਣੇ॥

**ਵੈਰੀ ਨਾਲ ਟੱਕਰ**

731 ਪੈੜਾਂ ਦੱਬਦੇ ਲਸ਼ਕਰ ਆਣ ਪਹੁੰਚੇ, ਘੋੜੇ ਹਿਣਕਦੇ ਸ਼ੋਰ ਮਚਾਂਵਦੇ ਨੇ।
ਓਟ ਲੈ ਕੇ ਸਿੰਘ ਨੇ ਝਾੜੀਆਂ ਦੀ, ਤੰਦਾਂ ਖਿੱਚ ਕੇ ਤੀਰ ਚਲਾਂਵਦੇ ਨੇ।
ਛੂੰ ਛੂੰ ਸ਼ੂਕਦੇ ਤੀਰ ਜਾਂਦੇ, ਜਿੰਦਾਂ ਵਿੰਨਦੇ ਘੋੜਿਓਂ ਲਾਂਹਵਦੇ ਨੇ।
ਗੁੱਸਾ ਖਾ ਕੇ ਪੁੱਤ ਪਠਾਣੀਆਂ ਦੇ, ਘੇਰਾ ਸਿੰਘਾਂ ਨੂੰ ਆਣ ਕੇ ਪਾਂਵਦੇ ਨੇ॥

732 ਯੁੱਧ ਹੱਥੋ ਹੱਥੀ ਦਾ ਹੋਣ ਲੱਗਾ, ਨੇਜ਼ੇ ਤੇਗਾਂ ਦੁਹਾਈਆਂ ਪੌਂਦੀਆਂ ਨੇ।
ਪਾਲੇ ਗੱਭਰੂ ਮੁਗਲਾਂ ਰੀਝ ਲਾ ਕੇ, ਚੇਹਰੇ ਭਖਦੇ ਲਾਲੀਆ ਚੋਂਦੀਆ ਨੇ।
ਲੰਬੇ ਪੈਂਡੇ ਮਾਰ ਕੇ ਆਏ ਦੂਰੋਂ, ਮੌਤ ਨੱਚਦੀ ਗਿਰਝਾਂ ਭੋਂਦੀਆਂ ਨੇ।
ਕਬਜਾ ਢਾਬ ਤੇ ਗੁਰੂ ਜੀ ਕਰ ਬੈਠੇ, ਜੀਭਾਂ ਸੁੱਕੀਆਂ, ਉਜਾੜਾਂ ਡਰੌਂਦੀਆਂ ਨੇ॥

733 ਸਿੰਘਾਂ ਵੇਖਿਆ ਵੈਰੀ ਦਾ ਹਾਲ ਮਾੜਾ, ਉਹੋ ਵਧ ਕੇ ਵਾਰ ਚਲਾਉਣ ਲੱਗੇ।
ਮੁਗਲ ਫ਼ੌਜੀ ਮੂਹਰੇ ਢਾਲ ਕਰਕੇ, ਉਹੋ ਸਿੰਘਾਂ ਦੇ ਵਾਰ ਬਚਾਉਣ ਲੱਗੇ।
ਸਿੰਘ ਵਜਦੇ ਗੋਲੀ ਦੇ ਵਾਂਗ ਜਾ ਕੇ, ਵਾਂਙ ਬੋਰੀਆਂ ਜਿਮੀਂ ਤੇ ਪਾਉਣ ਲੱਗੇ।
ਗੁੱਸਾ ਖਾ ਕੇ ਫਿਰ ਹਰਚੰਦ ਸਿੰਘਾ, ਸੈਨਾਪਤੀ ਆ ਜੋਸ਼ ਜਗਾਉਣ ਲੱਗੇ॥

**ਰੁਸਤਮ ਖਾਂ**

734 ਰੁਸਤਮ ਖਾਂ ਸੀ ਵੇਖ ਹੈਰਾਨ ਹੋਇਆ, ਸਿੰਘਾਂ ਸਾਡੇ ਆਹੂ ਲਾਹ ਦਿੱਤੇ।
ਇਕ ਔਰਤ ਨੇ ਕੜੀਆਂ ਜਿਹੇ ਮੁੰਡੇ, ਮਾਰ ਮਾਰ ਕੇ ਨੇਜ਼ੇ ਬੰਦਲਾ ਦਿੱਤੇ।
ਅਜੇ ਪੁੱਤ ਬਰਾੜਾਂ ਦੇ ਪਰੇ ਬੈਠੇ, ਇੱਕ ਟੋਲੀ ਨੇ ਛੱਕੇ ਛੁਡਾ ਦਿੱਤੇ।
ਹਰਚੰਦ ਸਿੰਘਾ ਮੂਹਰੇ ਰਾਤ ਆਉਂਦੀ, ਕਿਹੜੇ ਵੇਲੇ ਸਿੰਘ ਟਕਰਾ ਦਿੱਤੇ॥

**ਅਲੀ ਹੈਦਰ ਦਾ ਬੀਬੀ ਭਾਗੋ ਤੇ ਹਮਲਾ**

735 ਅਲੀ ਹੈਦਰ ਲੜਾਕਾ ਗੱਭਰੂ ਸੀ, ਘੋੜਾ ਛੇੜ ਕੇ ਅੱਗੇ ਆਂਵਦਾ ਏ।
ʻਯਾਹ ਅਲੀʼ ਦਾ ਮਾਰਕੇ ਉਹ ਨਾਹਰਾ, ਬੀਬੀ ਭਾਗੋ ਤੇ ਵਾਰ ਚਲਾਂਵਦਾ ਏ।
ਵਾਰ ਰੋਕ ਕੇ ਬੀਬੀ ਨੇ ਵਾਰ ਕੀਤਾ, ਕੂਹਣੀ ਕੋਲੋਂ ਬਾਂਹ ਲਹਾਂਵਦਾ ਏ।
ਸਣੇ ਬਾਂਹ ਤਲਵਾਰ ਸੀ ਧਰਤ ਡਿੱਗੀ, ਘੋੜਾ ਪਿੱਛੇ ਵੱਲ ਭਜਾਂਵਦਾ ਏ॥

**ਅਲੀ ਹੈਦਰ ਦਾ ਬੀਬੀ ਨੇ ਸਿਰ ਲਹੁਣਾ**

736 ਬੀਬੀ ਭਾਗੋ ਨੇ ਘੋੜੀ ਨੂੰ ਲਾ ਅੱਡੀ, ਅਲੀ ਹੈਦਰ ਨੂੰ ਜਾ ਵੰਗਾਰਿਆ ਏ।
ਮਰਦ ਹੋ ਕੇ ਜਨਾਨੀ ਤੋਂ ਨੱਠ ਚੱਲਾ, ਮਿਹਣਾ ਬੀਬੀ ਨੇ ਮਰਦ ਨੂੰ ਮਾਰਿਆ ਏ।
ਮੁੱਛਾਂ ਮੋੜੀਆਂ ਕਾਟੋ ਦੀ ਪੂਛ ਵਾਂਗੂੰ, ਵੱਟ ਬੜਾ ਇਨ੍ਹਾਂ ਨੂੰ ਚਾੜ੍ਹਿਆ ਏ।
ਇੰਨੀ ਆਖ ਕੇ, ਉਸ ਹਰਚੰਦ ਸਿੰਘਾ, ਤੇਗ ਮਾਰ ਕੇ ਸੀਸ ਉਤਾਰਿਆ ਏ॥

**ਬੀਬੀ ਭਾਗੋ ਦੀ ਘੋੜੀ ਦਾ ਜ਼ਖ਼ਮੀ ਹੋਣਾ**

737 ਦੂਰੋਂ ਕਿਸੇ ਨੇ ਬੀਬੀ ਤੇ ਫਾਇਰ ਕੀਤਾ, ਲੱਗਾ ਬੀਬੀ ਦੀ ਘੋੜੀ ਦੇ ਠਾਹ ਕਰਕੇ।
ਝੱਟ ਘੋੜੀ ਦੀ ਗੋਡਨੀ ਲੱਗ ਗਈ, ਉਹ ਡਿੱਗੀ ਜ਼ਮੀਨ ਤੇ ਧਾਹ ਕਰਕੇ।
ਕਈ ਮੁਗ਼ਲਾਂ ਉਸੇ ਵਕਤ ਉਥੇ, ਹੈ ਸੀ ਘੇਰਿਆ ਬੀਬੀ ਨੂੰ ਆਹ ਕਰਕੇ।
ਅਲੀ ਹੈਦਰ ਦੇ ਸੱਖਣੇ ਘੋੜੇ ਤੇ, ਬੀਬੀ ਚੜੀ ਸੀ ਕਹਿੰਦੇ ਜਾ ਕਰਕੇ॥

738 ਘੋੜਾ ਕਾਬਲੀ ਬੀਬੀ ਦੇ ਹੇਠ ਆਇਆ, ਲਗਾਮਾਂ ਖਿੱਚ ਕੇ ਅੱਡੀ ਲਾ ਦਿੱਤੀ।
ਘੋੜੇ ਚੱਕ ਕੇ ਮੂਰਲੇ ਪੌੜ ਦੋਵੇਂ, ਉਚੀ ਹਿਣਕ ਦੁਹਾਈ ਪਾ ਦਿੱਤੀ।
ਪੱਖੇ ਵਾਂਗ ਕਟਾਰ ਸੀ ਘੁੰਮ ਰਹੀ, ਭੀੜ ਉਸਨੇ ਪਿੱਛੇ ਹਟਾ ਦਿੱਤੀ।
ਵੈਰੀ ਦਲਾਂ ਨੂੰ ਚੀਰਦੀ ਜਾਏ ਬੀਬੀ, ਰੱਤ ਜਿਸਮਾਂ ਵਿਚੋਂ ਬਹਾ ਦਿੱਤੀ॥

739 ਖੌਰੇ ਕਿੱਥੋਂ ਇਤਨਾ ਜੋਸ਼ ਆਇਆ, ਚੁਣ ਚੁਣ ਕੇ ਮਾਰੇ ਜਵਾਨ ਸਿੰਘੋ।
ਔਰਤ ਵੇਖ ਕੇ ਜੋ ਵੀ ਲੜਨ ਆਇਆ, ਲਈ ਕੱਢ ਬੀਬੀ ਨੇ ਜਾਨ ਸਿੰਘੋ।
ਆਪੂ ਦੂੱਗਣੇ ਉਸ ਨੇ ਚਿੱਤ ਕੀਤੇ, ਨਾਢੂ ਖਾਂ ਸੀ ਜੋ ਅਖਵਾਣ ਸਿੰਘੋ।
ਸਤਿਗੁਰਾਂ ਨੇ ਬੱਚੀ ਆਪਣੀ ਨੂੰ, ਦਿੱਤਾ ਬੇ-ਹਿਸਾਬ ਸੀ ਤਾਣ ਸਿੰਘੋ॥

**ਬੀਬੀ ਭਾਗੋ ਦਾ ਜ਼ਖ਼ਮੀ ਹੋਣਾ**

740 ਕੱਲੀ ਜਾਨ ਚੁਫੇਰਿਓਂ ਆਣ ਘੇਰੀ, ਚਾਰੋਂ ਪਾਸਿਉਂ ਕਹਿਰ ਦੇ ਵਾਰ ਹੋਏ।
ਫੱਟ ਖਾ ਕੇ ਵੀ ਸ਼ੇਰਨੀ ਗਰਜ ਰਹੀ, ਨੇਜ਼ੇ, ਬਰਛੀਆਂ ਜਿਸਮ 'ਚੋਂ ਪਾਰ ਹੋਏ।
ਖ਼ੂਨ ਮੱਥੇ ਦਾ ਅੱਖਾਂ ਦੇ ਵਿੱਚ ਚੋਇਆ, ਨੇਤਰ ਤੱਕਣੋਂ ਫਿਰ ਲਾਚਾਰ ਹੋਏ।
ਹਰਚੰਦ ਸਿੰਘਾ ਹੋਈ ਘਾਇਲ ਬੀਬੀ, ਪੂਰੇ ਉਸਦੇ ਪਰ ਇਕਰਾਰ ਹੋਏ॥

**ਭਾਈ ਮਹਾਂ ਸਿੰਘ ਨੂੰ ਘੇਰਾ ਪੈਣਾ**

741 ਸੈਨਾਪਤੀ ਗੁਲਾਮ ਰਸੂਲ ਯੋਧਾ, ਦਲੇਰੀ ਕਰਕੇ ਅੱਗੇ ਆਇਆ ਏ।
ਨਾਲ ਉਸਦੇ ਚੋਣਵੇਂ ਗੱਭਰੂ ਸੀ, ਮਹਾਂ ਸਿੰਘ ਨੂੰ ਘੇਰਾ ਪਾਇਆ ਏ।
ਇਕ ਸਿੰਘ ਨੇ ਵੇਖਿਆ ਵੀਰ ਘਿਰਿਆ, ਅੱਡੀ ਮਾਰ ਕੇ ਘੋੜਾ ਭਜਾਇਆ ਏ।
ਕੁੱਝ ਸਿੰਘਾਂ ਨੇ ਤੁਰੰਤ ਹਰਚੰਦ ਸਿੰਘਾ, ਤਿੰਨ-ਕੋਨਾ ਮੋਰਚਾ ਲਾਇਆ ਏ॥

*ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM
## 24-Hour

We are back on air.....

Radio India

Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

ਕੈਨੇਡੀਅਨ ਸਿਟੀਜ਼ਨ ਟਰੱਕ ਡਰਾਈਵਰ ਜੱਟ ਪਰਿਵਾਰ ਦਾ ਲੜਕਾ, ਉਮਰ 35 ਸਾਲ, 5'6", ਵਾਸਤੇ ਯੋਗ ਕੈਨੇਡੀਅਨ ਲੜਕੀ ਦੀ ਲੋੜ ਹੈ।ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਵਾਸਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ-778-706-4021

ਕੈਨੇਡੀਅਨ ਪੀ.ਆਰ ਸੈਣੀ ਸਿੱਖ ਕੇਸਧਾਰੀ ਲੜਕਾ, 26, 6'2", B.Com ਕੈਨੇਡਾ ਵਿੱਚ ਆਪਣਾ ਬਿਜ਼ਨੈਸ , ਲਈ ਪੀ.ਆਰ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡਿੰਟ ਲੜਕੀ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ਸੰਪਰਕ-604-825-4503 ਜਾਂ 011-977-923-3484

### ਲੜਕੇ ਦੀ ਲੋੜ

ਜੱਟ ਸਿੱਖ ਪੰਧੇਰ ਕੈਨੇਡੀਅਨ PR, ਉਮਰ 25 ਸਾਲ, ਕੱਦ 5 ਫੁੱਟ 6 ਇੰਚ, ਜੌਬ ਕਰਦੀ ਲੜਕੀ ਵਾਸਤੇ ਵੈਸ਼ਨੂ PR ਜਾਂ ਵਰਕ ਪਰਮਿਟ ਲੜਕੇ ਦੀ ਲੋੜ ਹੈ, ਮਾਲਵਾ ਖੇਤਰ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ-604-781-4266 , ਈਮੇਲ - jagmandeepsingh22@gmail.com

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

### ਲੜਕੇ ਦੀ ਲੋੜ

ਰਾਮਗੜ੍ਹੀਆ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ, ਉਮਰ 39, 5'3", ਵਾਸਤੇ ਯੋਗ ਵਰ ਦੀ ਕੈਨੇਡਾ ਤੋਂ ਲੋੜ ਹੈ। ਲੜਕੀ ਨੇ +2 ਪਾਸ ਕਰਕੇ OT ਦਾ ਕੋਰਸ ਕੀਤਾ ਹੋਇਆ ਹੈ।ਕੋਈ ਜਾਤੀ ਬੰਧਨ ਨਹੀ ਹੈ।ਸੰਪਰਕ-ਕੈਨੇਡਾ:604-644-1812 ਅਤੇ ਭਾਰਤ: 98140-90611

jan 01

### ਜੀਵਨ ਸਾਥਣ ਦੀ ਲੋੜ

54 ਸਾਲਾਂ ਕਨੇਡੀਅਨ ਸਿਟੀਜ਼ਨ ਜੱਟ ਸਿੱਖ ਵਿਅਕਤੀ ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। । ਸੰਪਰਕ-778-968-3685

dec25

## EMPLOYMENTS

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan 01

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan 01




## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ


ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

# ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ



ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਸਾਕਾ ਵਿਸ਼ਵ ਇਤਿਹਾਸ ਵਿੱਚ ਲਾਸਾਨੀ ਹੈ। ਉਹ ਸਿੱਖ ਇਤਿਹਾਸ ਦੇ ਦੂਸਰੇ ਗੁਰੂ ਸ਼ਹੀਦ ਹਨ। ਸ਼ਹੀਦ ਤੇ ਸ਼ਹਾਦਤ ਯਕੀਨਨ ਸਨਮਾਨਯੋਗ ਹੈ। ਆਪਣੇ ਧਰਮ ਅਤੇ ਆਦਰਸ਼ਾਂ ਲਈ ਸ਼ਹੀਦ ਹੋਣ ਵਾਲੀਆਂ ਅਨੇਕਾਂ ਸਤਿਕਾਰਤ ਹਸਤੀਆਂ ਦਾ ਜ਼ਿਕਰ ਇਤਿਹਾਸ ਵਿੱਚ ਹੈ ਪਰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਅਲੌਕਿਕ ਅਤੇ ਵਚਿੱਤਰ ਘਟਨਾ ਹੈ ਕਿਉਂਕਿ ਇਹ ਕਿਸੇ ਹੋਰ ਦੇ ਧਰਮ, ਉਸ ਦੇ ਧਾਰਮਿਕ ਚਿੰਨ੍ਹਾਂ ਅਤੇ ਵਿਸ਼ਵਾਸਾਂ ਲਈ ਹੋਈ ਸੀ।

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥**
**ਕੀਨੋ ਬਡੋ ਕਲੂ ਮਹਿ ਸਾਕਾ॥**
**(ਬਚਿੱਤਰ ਨਾਟਕ)**

ਗੁਰੂ ਤੇਗ ਬਹਾਦਰ ਜੀ ਤਿਲਕ ਜੰਞੂ ਦੇ ਧਾਰਨੀ ਨਹੀਂ ਸਨ। ਨਾ ਹੀ ਹਿੰਦੂ ਧਰਮ ਅਤੇ ਵੇਦਾਂ ਸ਼ਾਸਤਰਾਂ ਵਿੱਚ ਅਕੀਦਾ ਰੱਖਦੇ ਸਨ ਪਰ ਉਨ੍ਹਾਂ ਨੇ ਤਿਲਕ ਜੰਞੂ ਦੀ ਰਾਖੀ ਲਈ ਅੱਗੇ ਆ ਕੇ ਮਨੁੱਖ ਦੀ ਧਾਰਮਿਕ ਆਜ਼ਾਦੀ ਦਾ ਬੁਨਿਆਦੀ ਹੱਕ ਬਹਾਲ ਰੱਖਣ ਅਤੇ ਮਜ਼ਲੂਮਾਂ ਨੂੰ ਜ਼ੁਲਮ ਤੋਂ ਬਚਾਉਣ ਹਿੱਤ ਸ਼ਹਾਦਤ ਦਿੱਤੀ ਸੀ। ਇਹ ਗੁਰੂ ਪਾਤਸ਼ਾਹ ਦੀ ਸ਼ਹਾਦਤ ਦਾ ਚਿੰਨ੍ਹ ਤਾਂ ਹੈ ਪਰ ਸ਼ਹੀਦੀ ਦਾ ਮਨੋਰਥ ਇਸ ਤੋਂ ਕਿਤੇ ਵਡੇਰਾ ਤੇ ਉਚੇਰਾ ਹੈ।

ਗੁਰੂ ਪਾਤਸ਼ਾਹ ਦੇ ਕਰਮ ਅਤੇ ਬਾਣੀ ਨੂੰ ਕਿਸੇ ਦੇਸ਼ ਕਾਲ ਜਾਂ ਸਮੇਂ ਸਥਾਨ ਦੀ ਸੀਮਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਉਨ੍ਹਾਂ ਦਾ ਕਾਰਜ ਖੇਤਰ ਭਾਵੇਂ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਰਿਹਾ ਪਰ ਗੁਰੂ ਸਾਹਿਬ ਦੇ ਹਰ ਕਰਮ ਦਾ ਮੰਤਵ ਸਮੁੱਚੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿੱਚ ਲੈਣਾ ਬੇਗ਼ੈਰਤ ਅਤੇ ਪਰ-ਅਧੀਨ ਸਮਾਜ ਦੀਆਂ ਕਮਜ਼ੋਰੀਆਂ ਨੂੰ ਢਕਣਾ, ਮਜ਼ਲੂਮਾਂ ਦੀ ਰਾਖੀ ਅਤੇ ਹਰ ਇੱਕ ਦੇ ਧਰਮ ਤੇ ਪੂਜਾ-ਪਾਠ ਦੀ ਆਜ਼ਾਦੀ ਨੂੰ ਨਿਸ਼ਚਿਤ ਕਰਨਾ ਸੀ। ਸਮੇਂ ਦੇ ਮਨੁੱਖੀ ਸਮਾਜ ਨੂੰ ਬੇਗ਼ੈਰਤੀ ਅਤੇ ਪਰ-ਅਧੀਨਤਾ ਦੇ ਛੇਕਾਂ ਨੇ ਤਾਰ-ਤਾਰ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਦੇ ਕੇ ਮਨੁੱਖੀ ਸਵੈਮਾਨ ਅਤੇ ਆਜ਼ਾਦੀ ਦੀ ਰਾਖੀ ਕੀਤੀ।

**ਪ੍ਰਗਟ ਭਏ ਗੁਰੂ ਤੇਗ ਬਹਾਦਰ-ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।**
**ਕਰਮ ਧਰਮ ਕੀ ਜਿਨ ਕਲ ਰਾਖੀ। ਅਟਲ ਕਰੀ ਕਲਜੁਗ ਮਹਿ ਸਾਖੀ।**

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਇਸ ਮੁਲਕ ਦੇ ਧਰਮ ਵਿੱਚ ਸ਼ਹੀਦ ਸ਼ਬਦ ਦੀ ਘਾਟ ਰੜਕਦੀ ਸੀ। ਇਸਲਾਮ ਅਤੇ ਈਸਾਈ ਮੱਤ ਵਿੱਚ ਇਹ ਸ਼ਬਦ ਤਾਂ ਹਨ ਪਰ ਇਸ ਦੇ ਮੰਤਵ, ਕਾਰਨ ਅਤੇ ਨਤੀਜੇ ਸਿੱਖ ਧਰਮ ਵਿੱਚ ਸ਼ਹੀਦ ਦੀ ਪਰਿਭਾਸ਼ਾ ਨਾਲ ਮੇਲ ਨਹੀ ਖਾਂਦੇ। ਸਨਾਤਨ ਧਰਮ ਵਿੱਚ ਬਲੀ ਅਤੇ ਬਲੀਦਾਨ, ਇਸਲਾਮ ਦਾ ਸ਼ਬਦ ਕੁਰਬਾਨੀ ਆਪਣੇ ਇਸ਼ਟ ਨੂੰ ਖ਼ੁਸ਼ ਕਰਨ, ਪੂਜਾ ਜਾਂ ਇਬਾਦਤ ਤੀਕ ਹੀ ਸੀਮਿਤ ਹੈ। ਕੁਰਬਾਨੀ ਜਾਂ ਬਲੀ ਦੂਜੇ ਕਿਸੇ ਮਨੁੱਖ ਜਾਂ ਪਸ਼ੂ ਦੀ ਹੀ ਦਿੱਤੀ ਜਾਂਦੀ ਹੈ ਜਦੋਂਕਿ ਸ਼ਹਾਦਤ ਦਾ ਸਬੰਧ ਆਪਾ ਵਾਰਨ ਨਾਲ ਹੈ। ਸ਼ਹੀਦ ਸਾਹਮਣੇ ਦੋ ਹੀ ਰਾਹ ਹੁੰਦੇ ਹਨ: ਜਾਂ ਤਾਂ ਉਹ ਆਪਣੀ ਜ਼ਮੀਰ, ਇਬਾਦਤ ਤੇ ਵਿਸ਼ਵਾਸ ਨੂੰ ਤਿਲਾਂਜਲੀ ਦੇ ਕੇ ਜਰਵਾਣੇ ਦੀਆਂ ਸ਼ਰਤਾਂ ਮਨਜ਼ੂਰ ਕਰ ਆਪਣੀ ਜਾਨ ਬਚਾ ਲਵੇ ਜਾਂ ਫ਼ਿਰ ਡਰ-ਭੈਅ ਤਿਆਗ ਕੇ ਸੀਸ ਤਲੀ 'ਤੇ ਧਰ ਉੱਚ ਆਦਰਸ਼ਾਂ ਖ਼ਾਤਰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ। ਸਿੱਖੀ ਮੁਤਾਬਕ ਉਹੀ ਸ਼ਹੀਦ ਪ੍ਰਵਾਨ ਹੈ ਜੋ ਦੂਜੀ ਸ਼ਰਤ 'ਤੇ ਖਰਾ ਉਤਰੇ।

ਬਾਬਾ ਬਕਾਲਾ ਵਿਖੇ ਨਿਵਾਸ ਦੇ ਤਕਰੀਬਨ 26 ਵਰ੍ਹੇ ਗੁਰੂ ਤੇਗ ਬਹਾਦਰ ਸਾਹਿਬ ਨੇ ਅੰਤਰਮੁਖੀ ਵਿਚਾਰ, ਸ਼ਬਦ ਸੁਰਤ ਸਾਧਨਾ, ਸਿਮਰਨ ਅਤੇ ਨਾਮ ਅਭਿਆਸ ਵਿੱਚ ਗੁਜ਼ਾਰੇ। ਇਸ ਸਮੇਂ ਦੌਰਾਨ ਪਰਿਵਾਰ ਉਨ੍ਹਾਂ ਦੇ ਨਾਲ ਰਿਹਾ। ਉਨ੍ਹਾਂ ਨੇ ਸੰਸਾਰ ਨਹੀਂ ਤਜਿਆ, ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ, ਰਾਖ ਦੀ ਥਾਂ ਨਾਮ ਦੀ ਵਿਭੂਤ ਲਾਈ, ਮਾਇਆ ਮੋਹ ਤਿਆਗੀ ਅਤੇ ਨਾਮ ਸਿਮਰਨ ਦੀ ਅਟੰਕ ਸਮਾਧੀ ਲਾਈ।

ਉਨ੍ਹਾਂ ਦੇ ਤਿਆਗ ਅਤੇ ਵੈਰਾਗ ਦੀ ਵਿਲੱਖਣਤਾ ਸਿਖਰ 'ਤੇ ਉਦੋਂ ਪ੍ਰਗਟ ਹੋਈ ਜਦੋਂ ਉਹ ਗੁਰਤਾ ਦੀ ਜ਼ਿੰਮੇਵਾਰੀ ਸੰਭਾਲ, ਸੱਚ ਦੇ ਪ੍ਰਕਾਸ਼ ਹਿੱਤ, ਜ਼ੁਲਮ ਦੀ ਚੱਕੀ ਵਿੱਚ ਪਿਸ ਰਹੀ ਪਰਜਾ ਵਿੱਚ ਆਤਮਿਕ ਬਲ, ਸਵੈ-ਵਿਸ਼ਵਾਸ ਦਾ ਸੰਚਾਰ ਕਰਨ ਅਤੇ ਮੁਲਕ ਵਿੱਚ ਦੂਰ-ਦੂਰ ਤਕ ਫੈਲੀ ਸੰਗਤ ਦੀ ਮੁੜ ਸੰਭਾਲ ਕਰਦਿਆਂ, ਆਉਣ ਵਾਲੇ ਬਿਖਮ ਸਮਿਆਂ ਦੀ ਚੁਣੌਤੀ ਲਈ ਸੰਗਤ ਦੀ ਜਥੇਬੰਦਕ ਸ਼ਕਤੀ ਮਜ਼ਬੂਤ ਕਰਨ ਦੇ ਮਨੋਰਥ ਨਾਲ ਪ੍ਰਚਾਰ ਦੌਰੇ 'ਤੇ ਨਿਕਲੇ ਸਨ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਇੱਕ ਮਜ਼ਹਬ, ਇੱਕ ਇਬਾਦਤ ਅਤੇ ਇੱਕ ਭਾਸ਼ਾ ਲਾਗੂ ਕਰਨ ਬਾਰੇ ਤਾਨਾਸ਼ਾਹੀ ਹੁਕਮ ਦਾ ਭੈਅ ਸਾਰੇ ਮੁਲਕ ਵਿੱਚ ਪਸਰ ਰਿਹਾ ਸੀ ਤੇ ਇਸ ਦੀ ਗਾਜ ਸਭ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ 'ਤੇ ਡਿੱਗੀ ਕਿਉਂਕਿ ਕਸ਼ਮੀਰੀ ਪੰਡਿਤ ਵੇਦਾਂ-ਸ਼ਾਸਤਰਾਂ ਦੇ ਸਰਵੋਤਮ ਗਿਆਤਾ ਤੇ ਪ੍ਰਚਾਰਕ ਮੰਨੇ ਜਾਂਦੇ ਸਨ। ਔਰੰਗਜ਼ੇਬ ਦੇ ਕਹਿਰ ਤੋਂ ਬਚਣ ਲਈ ਪਹਿਲਾਂ ਤਾਂ ਕਸ਼ਮੀਰੀ ਪੰਡਤਾਂ ਨੇ ਹਰ ਪ੍ਰਕਾਰ ਦੀ ਪੂਜਾ ਅਰਚਨਾ, ਬੰਦਨਾ, ਯੱਗ ਤੇ ਹਵਨ ਆਦਿ ਕੀਤੇ ਪਰ ਕੁਝ ਪੱਲੇ ਨਾ ਪਿਆ ਤਾਂ ਨਿਰਾਸ਼ ਹੋ ਕੇ ਮੁਲਕ ਭਰ ਦੇ ਧਾਰਮਿਕ ਆਗੂਆਂ ਦੇ ਦਰਾਂ 'ਤੇ ਭਟਕਣ ਉਪਰੰਤ ਚੱਕ ਨਾਨਕੀ (ਜੋ ਹੁਣ ਸ੍ਰੀ ਆਨੰਦਪੁਰ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੈ) ਵਿਖੇ ਪੁੱਜੇ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਰਮ ਬਚਾਉਣ ਦੀ ਪੁਕਾਰ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੇ ਆਗੂ ਕਿਰਪਾ ਰਾਮ ਨੂੰ ਇਹ ਕਹਿ ਕੇ ਨਿਸ਼ਚਿੰਤ ਕਰ ਦਿੱਤਾ ਕਿ ਬਾਦਸ਼ਾਹ ਨੂੰ ਮੋੜਵਾਂ ਉੱਤਰ ਭੇਜ ਦਿਓ: "ਸਾਡਾ ਧਾਰਮਿਕ ਰਹਿਬਰ ਗੁਰੂ ਤੇਗ ਬਹਾਦਰ ਹੈ। ਜੇ ਉਹ ਧਰਮ ਤਬਦੀਲ ਕਰਨ ਲਈ ਰਜ਼ਾਮੰਦ ਹੋ ਜਾਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।" ਬਾਦਸ਼ਾਹ ਨੂੰ ਇਹ ਉੱਤਰ ਭੇਜ ਕੇ ਗੁਰੂ ਜੀ ਆਪ ਹੀ ਬਾਦਸ਼ਾਹ ਦਾ ਕਹਿਰ ਝੱਲਣ ਲਈ ਦਿੱਲੀ ਵੱਲ ਰਵਾਨਾ ਹੋ ਗਏ। ਦੁਨੀਆਂ ਨੇ ਪਹਿਲੀ ਵਾਰ ਦੇਖਿਆ ਕਿ ਕੋਈ ਮਕਤੂਲ ਕਾਤਲ ਵੱਲ ਆਪ ਕਿਵੇਂ ਜਾਂਦਾ ਹੈ।

ਇਤਿਹਾਸ ਮੁਤਾਬਕ ਆਗਰੇ ਵਿਖੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਵੱਡੀ ਫ਼ੌਜ ਦੀ ਨਿਗਰਾਨੀ ਹੇਠਾਂ ਦਿੱਲੀ ਲਿਆਂਦਾ ਗਿਆ। ਉਨ੍ਹਾਂ ਨੂੰ ਭੈਅ-ਭੀਤ ਕਰਨ ਲਈ ਗੁਰੂ ਜੀ ਦੇ ਦੀਵਾਨ ਭਾਈ ਮਤੀ ਦਾਸ ਨੂੰ ਉਨ੍ਹਾਂ ਦੇ ਸਾਹਮਣੇ ਹੀ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ, ਭਾਈ ਦਿਆਲਾ ਜੀ ਦੇਗ ਵਿੱਚ ਪਾ ਕੇ ਉਬਾਲ ਦਿੱਤੇ ਗਏ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਸ਼ਹੀਦ ਕਰ ਦਿੱਤਾ ਗਿਆ। ਧੰਨ ਸਿੱਖੀ, ਧੰਨ ਗੁਰੂ ਅਤੇ ਧੰਨ ਗੁਰੂ ਦੇ ਸਿੱਖ ਕਿ ਤਿੰਨੇ ਸਿੱਖ, ਗੁਰੂ ਤੇਗ ਬਹਾਦਰ ਸਾਹਿਬ ਤੋਂ ਪਹਿਲਾਂ ਸ਼ਹੀਦ ਕੀਤੇ ਗਏ। ਸ਼ਰੇਆਮ ਸ਼ਹੀਦ ਕਰਨ ਲਈ ਗੁਰੂ ਸਾਹਿਬ ਨੂੰ ਪਿੰਜਰੇ ਵਿੱਚ ਕੈਦ ਕਰ ਕੇ ਚਾਂਦਨੀ ਚੌਕ ਲਿਆਂਦਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਹ ਅਜਬ ਦ੍ਰਿਸ਼ ਵੇਖਣ ਲਈ ਇਕੱਠੇ ਹੋਏ ਸਨ। ਕਾਜ਼ੀ ਨੇ ਬਾਦਸ਼ਾਹ ਵੱਲੋਂ ਫ਼ਿਰ ਸ਼ਰਤਾਂ ਰੱਖੀਆਂ: ਕਰਾਮਾਤ ਵਿਖਾਓ ਜਾਂ ਇਸਲਾਮ ਕਬੂਲ ਕਰੋ। ਗੁਰੂ ਸਾਹਿਬ ਨੇ ਕਰਾਮਾਤ ਨੂੰ ਕਹਿਰ ਦੱਸਿਆ ਤੇ ਫ਼ਰਮਾਇਆ ਕਿ ਔਰੰਗਜ਼ੇਬ ਦੋ ਤੋਂ ਇੱਕ ਧਰਮ ਕਰਨਾ ਚਾਹੁੰਦਾ ਹੈ ਪਰ ਕੁਦਰਤ ਨੂੰ ਦੋ ਤੋਂ ਤਿੰਨ ਮਨਜ਼ੂਰ ਹਨ। ਆਪ ਉਸੇ ਦ੍ਰਿੜ੍ਹਤਾ ਨਾਲ ਬੈਠੇ ਰਹੇ। ਜੱਲਾਦ ਜਲਾਲੁਦੀਨ ਨੇ ਤਲਵਾਰ ਚਲਾਈ ਅਤੇ ਗੁਰੂ ਜੀ ਦਾ ਸੀਸ, ਧੜ ਨਾਲੋਂ ਵੱਖ ਕਰ ਦਿੱਤਾ ਗਿਆ। ਸੀਸ ਕੱਟਿਆ ਗਿਆ ਪਰ ਧਰਮ ਦੀ ਮੂਰਤ ਨੌਵੇਂ ਗੁਰੂ ਦਾ ਸੀਸ ਝੁਕਾਇਆ ਨਾ ਜਾ ਸਕਿਆ। ਦਿੱਲੀ ਰਾਜ ਦੇ ਸਿਰ ਧਰਮ ਦੇ ਨਾਇਕ ਨੇ ਆਪਣੇ ਸਰੀਰ ਦਾ ਠੀਕਰਾ ਭੰਨ ਦਿੱਤਾ:

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯੋ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥
(ਬਚਿੱਤਰ ਨਾਟਕ)

ਇਤਿਹਾਸ ਵਿੱਚ ਜ਼ਿਕਰ ਹੈ ਕਿ ਸ਼ਹੀਦੀ ਹੁੰਦਿਆਂ ਸਾਰ ਕੁਦਰਤੀ ਕਹਿਰ ਦਾ ਅਜਿਹਾ ਗਰਦ ਭਰਿਆ ਤੂਫ਼ਾਨ ਉੱਠਿਆ ਕਿ ਲੋਕੀ ਭੱਜ ਉੱਠੇ। ਭੇਸ ਵਟਾ ਕੇ ਉੱਥੇ ਫਿਰ ਰਹੇ ਭਾਈ ਜੈਤਾ ਜੀ ਨੇ ਗੁਰੂ ਦਾ ਸੀਸ ਚੁੱਕ ਲਿਆ ਤੇ ਭਾਈ ਲੱਖੀ ਸ਼ਾਹ ਨੇ ਉਨ੍ਹਾਂ ਦਾ ਧੜ। ਸੀਸ ਲੈ ਕੇ ਭਾਈ ਜੈਤਾ ਜੀ ਆਨੰਦਪੁਰ ਸਾਹਿਬ ਲਈ ਰਵਾਨਾ ਹੋਏ ਅਤੇ ਧੜ ਲੱਖੀ ਸ਼ਾਹ, ਦਿੱਲੀ ਦੇ ਨਾਲ ਹੀ ਪਿੰਡ ਰਕਾਬਗੰਜ ਆਪਣੀ ਰਿਹਾਇਸ਼ 'ਤੇ ਲੈ ਆਇਆ। ਸਰਕਾਰੀ ਸੂਹੀਏ ਚਾਰੇ ਪਾਸੇ ਫਿਰ ਰਹੇ ਸਨ। ਇਸ ਲਈ ਭਾਈ ਸਾਹਿਬ ਨੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਲੱਖੀ ਸ਼ਾਹ ਨੇ ਆਪਣਾ ਘਰ ਆਪਣੇ ਹੱਥੀਂ ਸਾੜ ਕੇ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ ਜਿਸ ਅਸਥਾਨ 'ਤੇ ਕੀਤਾ ਉੱਥੇ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਸੁਸ਼ੋਭਿਤ ਹੈ। ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਬਾਲ (ਗੁਰੂ) ਗੋਬਿੰਦ ਰਾਏ ਜੀ ਪਾਸ ਆਨੰਦਪੁਰ ਸਾਹਿਬ ਪਹੁੰਚੇ ਭਾਈ ਜੈਤਾ ਜੀ ਨੇ ਸਮੁੱਚਾ ਸ਼ਹੀਦੀ ਸਾਕਾ ਸੁਣਾਇਆ। ਨੌਂ ਸਾਲ ਦੇ ਗੁਰੂ ਜੀ ਨੇ ਇਹ ਸੁਣ ਕੇ ਕੋਈ ਡਰ-ਭੈਅ ਨਿਕਟ ਨਾ ਆਉਣ ਦਿੱਤਾ ਸਗੋਂ ਆਪਣਾ ਦ੍ਰਿੜ੍ਹ ਇਰਾਦਾ ਇਉਂ ਪ੍ਰਗਟਾਇਆ:

ਸ੍ਰੀ ਗੋਬਿੰਦ ਸੁਨਿ ਕਰ ਐਸੇ॥ ਗਰਜਤ ਬੋਲੇ ਜਲਧਰ ਜੈਸੇ॥
**ਇਸ ਬਿਧਿ ਕੋ ਅਬਿ ਪੰਥ ਬਨਾਵੋਂ॥**
**ਸਗਲ ਜਗਤ ਮਹਿ ਬਹੁ ਬਿਦਤਾਵੋਂ॥੪॥**
**ਲਾਖਹੁ ਜਗ ਕੇ ਨਰ ਇਕ ਥਾਇ॥**
**ਤਿਨ ਮਹਿ ਮਿਲੇ ਏਕ ਸਿੱਖ ਜਾਇ॥**
**ਸਭਿ ਮਹਿ ਪ੍ਰਥਕ ਪਛਾਨਯੋ ਪਰੈ॥**
**ਰਲੈ ਨ ਕਬਹੂੰ ਕੈ ਸਿਹੁ ਕਰੈ॥੫॥**

ਜ਼ਾਲਮ ਅੱਗੇ ਧਰਮ ਗੋਪਣ ਜਾਂ ਛੁਪਾਉਣ ਦੀ ਕਾਇਰਤਾ ਸਦਾ ਲਈ ਖ਼ਤਮ ਕਰ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਇਹ ਵੀ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਸ਼ਖ਼ਸ ਦੇ ਧੜ ਅਤੇ ਸੀਸ ਦਾ ਸਸਕਾਰ ਵੱਖ-ਵੱਖ ਸਥਾਨਾਂ 'ਤੇ ਹੋਇਆ ਹੋਵੇ।

ਔਰੰਗਜ਼ੇਬ ਨੇ ਇਹ ਕਾਰਾ ਲੋਕਾਂ ਨੂੰ ਭੈਅਭੀਤ ਕਰਨ ਲਈ ਕੀਤਾ ਸੀ ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਵਿਦਰੋਹ ਦੇ ਅਜਿਹੇ ਚੰਗਿਆੜੇ ਬਾਲ ਦਿੱਤੇ ਕਿ ਇੱਕ ਸਿੱਖ ਨੇ ਯਮਨਾ ਦਰਿਆ ਪਾਰ ਕਰ ਕੇ ਆ ਰਹੇ ਔਰੰਗਜ਼ੇਬ ਦੇ ਸਿਰ ਵਿੱਚ ਡੰਡਾ ਮਾਰਨ ਦਿੱਤਾ ਸੀ। ਇਸੇ ਸ਼ਹਾਦਤ ਦਾ ਅਸਰ ਸੀ ਕਿ ਪੂਰੇ ਮੁਲਕ ਵਿੱਚ ਫੈਲੀ ਮੁਗ਼ਲ ਸਲਤਨਤ ਦੀ ਪੁੱਠੀ ਗਿਣਤੀ ਸ਼ੁਰੂ ਹੋਈ ਅਤੇ ਇਸ ਦਾ ਖ਼ਾਤਮੇ ਵੱਲ ਸਫ਼ਰ ਸ਼ੁਰੂ ਹੋ ਗਿਆ। ਨੌਵੇਂ ਗੁਰੂ ਨੇ ਇਸ ਲਈ ਪ੍ਰਾਣ ਨਿਛਾਵਰ ਕਰ ਦਿੱਤੇ ਕਿ ਹਕੂਮਤੀ ਤਸ਼ੱਦਦ ਕਾਰਨ ਪੁਰਾਣਾਂ ਤੇ ਗੀਤਾ ਦੀ ਕਥਾ ਬੰਦ ਨਾ ਹੋਵੇ। ਮੁਲਕ ਦੀ ਅਨੇਕਤਾ ਖ਼ਤਮ ਕਰ ਕੇ ਇੱਕ ਮਜ਼ਹਬੀ ਤੇ ਇੱਕ ਭਾਸ਼ਾਈ ਬਣਾਏ ਜਾਣ ਦੇ ਔਰੰਗਜ਼ੇਬ ਦੇ ਮਨਸੂਬੇ ਗੁਰੂ ਜੀ ਦੀ ਸ਼ਹਾਦਤ ਨੇ ਚਕਨਾਚੂਰ ਕਰ ਦਿੱਤੇ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਚੱਕਰ ਆਸਣ ਨਾਲ ਕਬਜ਼ ਨੂੰ ਦੂਰ ਕਰੋ

ਅੱਜ ਕਬਜ਼ ਇਕ ਭਿਆਨਕ ਬਿਮਾਰੀ ਦੇ ਰੂਪ ਵਿਚ ਉੱਭਰੀ ਹੋਈ ਹੈ ਪਰ ਹਾਲੇ ਵੀ ਬਹੁਤੇ ਲੋਕ ਇਸ ਦੇ ਪ੍ਰਤੀ ਸੁਚੇਤ ਨਹੀਂ ਹਨ। ਜੋ ਲੋਕ ਕਬਜ਼ ਬਾਰੇ ਨਹੀਂ ਜਾਣਦੇ, ਉਨ੍ਹਾਂ ਨੂੰ ਇਸ ਸੰਬੰਧੀ ਜਾਣਨਾ ਜ਼ਰੂਰੀ ਹੈ ਅਤੇ ਜੋ ਇਸ ਬਾਰੇ ਪਹਿਲਾਂ ਹੀ ਜਾਣਦੇ ਹਨ ਅਤੇ ਫਿਰ ਵੀ ਇਸ ਦੀ ਅਣਦੇਖੀ ਕਰਦੇ ਹਨ, ਉਹ ਅਸਲ ਵਿਚ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਰਹਿੰਦੇ ਹਨ ਅਤੇ ਦੇਰ-ਸਵੇਰ ਉਨ੍ਹਾਂ ਨੂੰ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ।

ਮਲ ਜਦੋਂ ਅੰਤੜੀਆਂ ਨੂੰ ਫੜ ਲੈਂਦਾ ਹੈ ਅਰਥਾਤ ਉਨ੍ਹਾਂ ਦੀ ਸੁਭਾਵਿਕ ਕਿਰਿਆ ਵਿਚ ਰੁਕਾਵਟ ਪੈਦਾ ਕਰ ਦਿੰਦਾ ਹੈ ਤਾਂ ਉਸ ਸਥਿਤੀ ਨੂੰ ਕਬਜ਼ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਅਕਸਰ ਸਰੀਰ ਵਿਚ ਹੋਣ ਵਾਲੇ ਸਾਰੇ ਰੋਗਾਂ ਦੀ ਜੜ੍ਹ ਕਬਜ਼ ਹੀ ਹੈ। ਕਬਜ਼ ਕਾਰਨ ਵੱਡੀ ਅੰਤੜੀ ਵਿਚ ਖੁਰਾਕ ਦੇ ਦੇਰ ਤੱਕ ਰੁਕਣ ਅਤੇ ਸੜਦੇ ਰਹਿਣ 'ਤੇ ਉਸ ਵਿਚੋਂ ਬਦਬੂ ਵਾਲੀ ਗੈਸ ਨਿਕਲਦੀ ਰਹਿੰਦੀ ਹੈ।

ਇਹ ਗੈਸ ਸਰੀਰ ਲਈ ਬਹੁਤ ਨੁਕਸਾਨਦਾਇਕ ਹੁੰਦੀ ਹੈ। ਇਸ ਨਾਲ ਖੂਨ ਵਿਚ ਗਰਮੀ ਵਧ ਕੇ ਉਸ ਦੀ ਗਤੀ ਵਿਚ ਰੁਕਾਵਟ ਪੈਦਾ ਕਰਦੀ ਹੈ। ਇਸ ਦੇ ਨਤੀਜੇ ਹੌਲੀ-ਹੌਲੀ ਸਾਹਮਣੇ ਆਉਂਦੇ ਹਨ। ਅਕਸਰ ਲੋਕ ਕਬਜ਼ ਨੂੰ ਬਿਮਾਰੀਆਂ ਦੀ ਮਾਂ ਕਹਿੰਦੇ ਹਨ। ਕਬਜ਼ ਕਾਰਨ ਜੀਵਨ ਦਾ ਅਨੰਦ ਖ਼ਤਮ ਹੋ ਜਾਂਦਾ ਹੈ। ਇਸ ਦੇ ਕਾਰਨ ਅਜੀਰਨ, ਮੰਦਅਗਨੀ, ਸੰਗ੍ਰਹਿਣੀ, ਬਵਾਸੀਰ, ਭਗੰਦਰ, ਧਾਤੂ, ਦੁਰਬਲਤਾ, ਖੂਨ ਦਾ ਦਬਾਅ, ਦਮਾ, ਮਿਆਦੀ ਬੁਖਾਰ, ਪਾਇਰੀਆ, ਗੰਜਾਪਨ, ਮੋਟਾਪਾ, ਵਾਲਾਂ ਦਾ ਸਫੈਦ ਹੋਣਾ, ਅੱਖਾਂ ਦੀ ਨਜ਼ਰ ਦਾ ਕਮਜ਼ੋਰ ਹੋਣਾ ਆਦਿ ਅਨੇਕ ਤਰ੍ਹਾਂ ਦੇ ਰੋਗ ਪੈਦਾ ਹੁੰਦੇ ਹਨ।

ਕਬਜ਼ ਦੇ ਰੋਗੀ ਨੂੰ ਮੱਲ ਤਿਆਗਣ ਲਈ ਵਾਰ-ਵਾਰ ਜ਼ੋਰ ਲਗਾਉਣਾ ਪੈਂਦਾ ਹੈ, ਜਿਸ ਨਾਲ ਕਦੇ-ਕਦੇ ਹਰਨੀਆ ਵੀ ਹੋ ਸਕਦਾ ਹੈ। ਕਬਜ਼ ਨਾਲ ਪੇਟ ਵਿਚ ਬਹੁਤ ਵਿਕਾਰ ਪੈਦਾ ਹੋ ਜਾਂਦੇ ਹਨ। ਇਥੋਂ ਤੱਕ ਕਿ ਅਨੀਮੀਆ (ਖੂਨ ਦੀ ਕਮੀ) ਅਤੇ ਸਰੀਰ ਵਿਚ ਪਾਣੀ ਪੈ ਜਾਣ ਦਾ ਰੋਗ ਵੀ ਹੋ ਸਕਦਾ ਹੈ।

ਮੱਲ ਦਾ ਪਤਲਾ ਆਉਣਾ, ਖ਼ੁਸ਼ਕ ਆਉਣਾ, ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਵਾਰ-ਵਾਰ ਆਉਣਾ ਕਬਜ਼ ਦੇ ਹੀ ਰੂਪ ਹਨ। ਕਬਜ਼ ਹੋਣ ਦੇ ਕਈ ਕਾਰਨ ਹਨ ਪਰ ਖਾਣ-ਪੀਣ ਦੀ ਅਨਿਯਮਿਤਤਾ ਇਸ ਦਾ ਇਕ ਵਿਸ਼ੇਸ਼ ਕਾਰਨ ਹੈ। ਖਾਣ-ਪੀਣ ਦੀ ਅਨਿਯਮਿਤਤਾ ਦੇ ਕਾਰਨ ਹੀ ਪਖਾਨਾ ਨਿਸਚਿਤ ਸਮੇਂ 'ਤੇ ਨਹੀਂ ਆਉਂਦਾ ਜਾਂ ਘੱਟ ਆਉਂਦਾ ਜਾਂ ਬਿਲਕੁਲ ਨਾ ਆਉਣਾ ਸ਼ੁਰੂ ਹੋ ਜਾਂਦਾ ਹੈ। ਮੱਲ ਦਾ ਸਖ਼ਤ ਹੋਣਾ, ਮੱਲ ਤਿਆਗ ਵਿਚ ਮੁਸ਼ਕਿਲ, ਰੁਕ ਜਾਣਾ ਆਦਿ ਵੀ ਕਬਜ਼ ਦੇ ਹੀ ਅੰਤਰਗਤ ਆਉਂਦਾ ਹੈ। ਕਬਜ਼ ਦੇ ਕੁਝ ਵਿਸ਼ੇਸ਼ ਕਾਰਨ ਹੇਠ ਲਿਖੇ ਹਨ-

- ਮਿਹਦੇ ਦੀ ਕਮਜ਼ੋਰੀ।
- ਰੇਚਕ ਦਵਾਈਆਂ ਦਾ ਨਤੀਜਾ।
- ਵਿਟਾਮਿਨਾਂ ਦੀ ਕਮੀ।
- ਮੱਲ-ਮੂਤਰ ਦੇ ਵੇਗਾਂ ਨੂੰ ਰੋਕਣਾ।
- ਸ਼ੁੱਧ ਹਵਾ ਦੀ ਕਮੀ।
- ਮਾਨਸਿਕ ਸਥਿਤੀ ਦਾ ਪ੍ਰਭਾਵ।
- ਸਰੀਰਕ ਕਸਰਤ ਦੀ ਕਮੀ।
- ਖਾਣ-ਪੀਣ ਦੀ ਅਨਿਯਮਿਤਾ।

ਇਨ੍ਹਾਂ ਤੋਂ ਇਲਾਵਾ ਨੀਂਦ ਦੀ ਅਨਿਯਮਿਤਾ, ਘੱਟ ਪਾਣੀ ਪੀਣਾ ਆਦਿ ਕਾਰਨਾਂ ਕਰਕੇ ਵੀ ਕਬਜ਼ ਦੀ ਬਿਮਾਰੀ ਹੋ ਸਕਦੀ ਹੈ। ਕਬਜ਼ ਤੋਂ ਪੀੜਤ ਵਿਅਕਤੀਆਂ ਨੂੰ ਸਿਰਦਰਦ, ਅੰਗ ਵੇਦਨਾ, ਸਰੀਰ ਦਾ ਭਾਰੀ ਰਹਿਣਾ, ਪੈਰਾਂ ਵਿਚ ਦਰਦ, ਘਬਰਾਹਟ, ਗੈਸ ਚੜ੍ਹਨਾ, ਅੱਖਾਂ ਵਿਚ ਭਾਰੀਪਨ, ਦੰਦਾਂ 'ਤੇ ਮੈਲ ਦੀ ਪਰਤ ਜੰਮਣਾ ਆਦਿ ਲੱਛਣ ਦਿਖਾਈ ਦੇਣ ਲਗਦੇ ਹਨ। ਸੰਗ੍ਰਹਿਣੀ, ਪੇਚਿਸ਼ ਅਤੇ ਮੱਲ ਦਾ ਵਾਰ-ਵਾਰ ਆਉਣਾ ਵੀ ਕਬਜ਼ ਦੇ ਹੀ ਲੱਛਣ ਮੰਨੇ ਜਾਂਦੇ ਹਨ।

ਕਬਜ਼ ਤੋਂ ਛੁਟਕਾਰਾ ਪਾਉਣ ਲਈ ਚੱਕਰ ਆਸਣ ਰਾਮਬਾਣ ਦਵਾਈ ਹੈ, ਕਿਉਂਕਿ ਇਸ ਦਾ ਸਿੱਧਾ ਅਸਰ ਵੱਡੀ ਅੰਤੜੀ 'ਤੇ ਪੈਂਦਾ ਹੈ, ਜਿਸ ਨਾਲ ਅੰਤੜੀ ਦੇ ਅੰਦਰ ਦਾ ਸੜਿਆ, ਸਖ਼ਤ ਅਤੇ ਰੁਕਿਆ ਮੱਲ ਛੇਤੀ ਹੀ ਬਾਹਰ ਨਿਕਲ ਆਉਂਦਾ ਹੈ। ਚੱਕਰ ਆਸਣ ਕਰਨ ਨਾਲ ਕਬਜ਼ ਦੀ ਸ਼ਿਕਾਇਤ ਰਹਿ ਹੀ ਨਹੀਂ ਸਕਦੀ। ਇਸ ਨਾਲ ਸਰੀਰ ਵਿਚ ਲਚੀਲਾਪਣ ਆਉਂਦਾ ਹੈ ਅਤੇ ਮੁੜ ਜਵਾਨੀ ਦੀ ਪ੍ਰਾਪਤੀ ਹੁੰਦੀ ਹੈ। ਕਮਰ ਪਤਲੀ ਅਤੇ ਸੀਨਾ ਚੌੜਾ ਹੁੰਦਾ ਹੈ। ਇਹ ਆਸਣ ਨਾਚ ਕਲਾਕਾਰਾਂ ਲਈ ਅਦਭੁਤ ਦੇਣ ਹੈ।



ਆਸਣ ਦੀ ਵਿਧੀ : ਆਸਣ ਦੇ ਨਿਯਮਾਂ ਦਾ ਧਿਆਨ ਰੱਖਦੇ ਹੋਏ ਜ਼ਮੀਨ 'ਤੇ ਇਕ ਚਾਦਰ ਵਿਛਾ ਦਿਓ ਅਤੇ ਉਸ 'ਤੇ ਪਿੱਠ ਦੇ ਭਾਰ ਲੰਮੇ ਪੈ ਜਾਓ। ਪੂਰੇ ਸਰੀਰ ਨੂੰ ਸਿੱਧਾ ਰੱਖੋ। ਇਸ ਤੋਂ ਬਾਅਦ ਦੋਵੇਂ ਪੈਰਾਂ ਨੂੰ ਗੋਡਿਆਂ ਤੋਂ ਮੋੜ ਕੇ ਉਨ੍ਹਾਂ ਦੇ ਵਿਚ ਲਗਪਗ ਇਕ ਫੁੱਟ ਦੀ ਦੂਰੀ ਰੱਖਦੇ ਹੋਏ ਜਾਂਘਾਂ ਦੇ ਨੇੜੇ ਤੱਕ ਲਿਆਓ। ਇਸ ਤੋਂ ਬਾਅਦ ਹੱਥਾਂ ਨੂੰ ਕੂਹਣੀ ਵਾਲੇ ਹਿੱਸੇ ਤੋਂ ਮੋੜ ਕੇ ਉਲਟਾ ਕਰਦੇ ਹੋਏ ਮੋਢਿਆਂ ਦੇ ਕੋਲ ਰੱਖੋ। ਇਸ ਸਮੇਂ ਹੱਥਾਂ ਦੀਆਂ ਉਂਗਲੀਆਂ ਪੈਰਾਂ ਵੱਲ ਹੋਣੀਆਂ ਚਾਹੀਦੀਆਂ ਹਨ।

ਹੁਣ ਹੱਥਾਂ ਅਤੇ ਪੈਰਾਂ ਦੇ ਭਾਰ ਪੂਰੇ ਸਰੀਰ ਨੂੰ ਉੱਪਰ ਵੱਲ ਚੁੱਕੋ। ਨਜ਼ਰ ਸਾਹਮਣੇ ਰੱਖੋ। ਸਾਹ ਸਾਧਾਰਨ ਰੂਪ ਨਾਲ ਚੱਲਣ ਦਿਓ। ਕੁਝ ਦੇਰ ਇਸੇ ਸਥਿਤੀ ਵਿਚ ਰਹਿਣ ਤੋਂ ਬਾਅਦ ਵਾਪਸ ਪਹਿਲੀ ਸਥਿਤੀ ਵਿਚ ਆ ਜਾਓ। ਇਸ ਤਰ੍ਹਾਂ 5-7 ਵਾਰ ਤੱਕ ਰੋਜ਼ ਅਭਿਆਸ ਕਰ ਕੇ ਚੱਕਰ ਆਸਣ ਦੇ ਲਾਭ ਲਏ ਜਾ ਸਕਦੇ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

Filmy ਸਮਾਚਾਰ

ਬਾਲੀਵੁੱਡ ਮੁਲਾਕਾਤ

# ਕਿਸੇ ਹੋਰ ਵਰਗੀ ਨਹੀਂ ਬਣਨਾ-ਸ਼ਰਧਾ ਕਪੂਰ

ਸੁਸ਼ਾਂਤ ਸਿੰਘ ਰਾਜਪੂਤ ਨਾਲ ਸ਼ਰਧਾ ਕਪੂਰ ਦੀ ਫਿਲਮ 'ਛਿਛੋਰੇ' ਰਿਲੀਜ਼ ਹੋਈ ਸੀ। ਸਫਲ ਹੋਣ ਦੇ ਨਾਲ ਇਸ ਫਿਲਮ ਨੂੰ ਪਿੱਛੇ ਜਿਹੇ ਕੌਮੀ ਇਨਾਮ ਵੀ ਮਿਲਿਆ। 2020-21 ਵਿੱਚ ਸ਼ਰਧਾ ਦੀ ਭਾਵੇਂ ਇੱਕ ਵੀ ਫਿਲਮ ਰਿਲੀਜ਼ ਨਾ ਹੋਈ ਹੋਵੇ, ਪਰ ਉਸ ਦੇ ਫੈਨਜ਼ ਉਸ ਦੀ ਅਗਲੀ ਫਿਲਮ 'ਨਾਗਿਨ', 'ਚਾਲਬਾਜ਼ ਇਨ ਲੰਡਨ' ਵਰਗੀਆਂ ਫਿਲਮਾਂ ਦੀ ਉਡੀਕ ਕਰ ਰਹੇ ਹਨ। ਇਸ ਸਮੇਂ ਦਿੱਲੀ ਵਿੱਚ ਸ਼ੂਟਿੰਗ ਕਰ ਰਹੀ ਸ਼ਰਧਾ ਅਕਸਰ ਆਪਣੀ ਨਿੱਜੀ ਜ਼ਿੰਦਗੀ ਬਾਰੇ ਚਰਚਾ ਵਿੱਚ ਰਹਿੰਦੀ ਹੈ। ਇਹ ਵੀ ਸੱਚ ਹੈ ਕਿ ਉਹ ਆਪਣੀ ਨਿੱਜੀ ਜ਼ਿੰਦਗੀ ਬਾਰੇ ਖੁੱਲ੍ਹ ਕੇ ਕਦੇ ਕੁਝ ਨਹੀਂ ਕਹਿੰਦੀ। ਇਹ ਵੀ ਖਬਰਾਂ ਸਨ ਕਿ ਉਹ ਫੋਟੋਗ੍ਰਾਫਰ ਰੋਹਨ ਸ਼੍ਰੇਸ਼ਠ ਨਾਲ ਡੇਟ ਕਰ ਰਹੀ ਹੈ। ਇਸ ਦੇ ਨਾਲ ਹੀ ਰੋਹਨ ਨਾਲ ਉਸ ਦੇ ਵਿਆਹ ਦੀਆਂ ਅਫਵਾਹਾਂ ਨੇ ਵੀ ਜ਼ੋਰ ਫੜਿਆ, ਪਰ ਉਸ ਦਾ ਕਹਿਣਾ ਹੈ ਕਿ ਉਸ ਨੂੰ ਨਹੀਂ ਲੱਗਦਾ ਕਿ ਉਹ ਸਭ ਚੀਜ਼ਾਂ ਕੰਮ ਤੋਂ ਉਸ ਦਾ ਧਿਆਨ ਭਟਕਾਉਂਦੀਆਂ ਹਨ। ਉਸ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਤੋਂ ਬਚਾਅ ਲਈ ਲੱਗੀਆਂ ਰੋਕਾਂ ਪਿੱਛੋਂ ਸ਼ੂਟਿੰਗ ਉੱਤੇ ਪਰਤਣ ਉਤੇ ਉਹ ਖੁਸ਼ ਹੈ। ਸ਼ਰਧਾ ਆਪਣੀ ਐਕਟਿੰਗ ਦੇ ਨਾਲ ਫੈਸ਼ਨ ਤੇ ਸਟਾਇਲ ਬਾਰੇ ਵੀ ਕਾਫੀ ਪਸੰਦ ਕੀਤੀ ਜਾਂਦੀ ਹੈ। ਪੇਸ਼ ਹਨ ਸ਼ਰਧਾ ਨਾਲ ਇੱਕ ਗੱਲਬਾਤ ਦੇ ਕੁਝ ਅੰਸ਼ :

**• ਪ੍ਰਸਨਲ ਲਾਈਫ ਬਾਰੇ ਗੱਲ ਕਰਨ ਨਾਲ ਕੀ ਕੰਮ ਤੋਂ ਧਿਆਨ ਹਟਦਾ ਹੈ?**

- ਮੈਨੂੰ ਨਹੀਂ ਲੱਗਦਾ ਕਿ ਜੇ ਤੁਸੀਂ ਪ੍ਰਸਨਲ ਲਾਈਫ ਬਾਰੇ ਗੱਲ ਕਰਦੇ ਹੋ ਤਾਂ ਕੰਮ ਤੋਂ ਧਿਆਨ ਹਟਦਾ ਹੈ। ਉਂਜ ਮੈਂ ਕਦੀ ਅਸਲ ਵਿੱਚ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਜ਼ਿਆਦਾ ਗੱਲ ਨਹੀਂ ਕੀਤੀ।

**• ਕਿੱਦਾਂ ਦਾ ਫੈਸ਼ਨ ਸਟੇਟਮੈਂਟ ਗਲਤ ਨਹੀਂ ਕਿਹਾ ਜਾ ਸਕਦਾ? ਤੁਹਾਡੇ ਵਾਰਡਰੋਬ ਵਿੱਚ ਹਮੇਸ਼ਾ ਕੀ ਚੀਜ਼ ਹੁੰਦੀ ਹੈ?**

- ਫੈਸ਼ਨ ਸਿੰਪਲ ਹੋਵੇ ਅਤੇ ਜੋ ਵੀ ਹੋਵੇ, ਉਹ ਕਿਸੇ ਦੀ ਦੇਖਾ-ਦੇਖੀ ਨਾ ਹੋਵੇ। ਭਾਵ ਫੈਸ਼ਨ ਤੁਹਾਡਾ ਆਪਣਾ ਹੋਵੇ। ਮੇਰੇ ਕਹਿਣ ਦਾ ਭਾਵ ਹੈ, ਜੋ ਫੈਸ਼ਨ ਜਚੇ, ਉਹੀ ਕਰੋ। ਇਸ ਵਿੱਚ ਹਕੀਕਤ ਹੋਵੇ। ਕੋਈ ਡਰੈਸ ਕਿਸੇ ਨੂੰ ਚੰਗੀ ਲੱਗੇ ਤਾਂ ਇਹ ਜ਼ਰੂਰੀ ਨਹੀਂ ਕਿ ਸਾਰਿਆਂ ਉੱਤੇ ਜਚੇ। ਕਈ ਸਾਲ ਮੈਨੂੰ ਵੱਖ-ਵੱਖ ਤਰ੍ਹਾਂ ਦੇ ਫੈਂਸੀ ਸ਼ੂਜ਼-ਸੈਂਡਲਸ ਲੈਣ ਅਤੇ ਉਨ੍ਹਾਂ ਦੀ ਕੁਲੈਕਸ਼ਨ ਕਰਨ ਦਾ ਸ਼ੌਕ ਰਿਹਾ। ਤਿੰਨ ਹਜ਼ਾਰ ਤੋਂ ਵੱਧ ਸ਼ੂਜ਼ ਮੈਂ ਜਮ੍ਹਾਂ ਕੀਤੇ, ਪਰ ਮੇਰਾ ਇਹ ਸ਼ੌਕ ਘਟ ਗਿਆ ਹੈ। ਮੇਰੇ ਵਾਰਡਰੋਬ ਵਿੱਚ ਅੱਜਕੱਲ੍ਹ ਵ੍ਹਾਈਟ ਟੀ-ਸ਼ਰਟ, ਡੈਨਿਮ, ਜੀਨ ਤੇ ਫਲਿਪ ਫਲਾਪ ਪੇਅਰ (ਸਲੀਪਰਸ) ਮਿਲਣਗੇ।

**• ਬਾਲੀਵੁੱਡ ਦੀ ਕਿਸ ਸ਼ਖਸੀਅਤ ਵਰਗਾ ਬਣਨਾ ਚਾਹੋਗੇ? ਕਿੱਦਾਂ ਦੇ ਕੱਪੜੇ ਤੁਸੀਂ ਪਹਿਨਣਾ ਪਸੰਦ ਕਰਦੇ ਹੋ?**

-ਪਤਾ ਨਹੀਂ, ਮੈਂ ਫੈਸ਼ਨੇਬਲ ਹਾਂ ਜਾਂ ਨਹੀਂ, ਪਰ ਜਿਵੇਂ ਹਾਂ, ਮੈਨੂੰ ਆਪਣਾ ਫੈਸ਼ਨ ਸੈਂਸ ਅਤੇ ਕੰਫਰਟੇਬਲ ਸਟਾਈਲਿੰਗ ਹੀ ਪਸੰਦ ਹੈ। ਮੈਂ ਕਿਸੇ ਹੋਰ ਵਾਂਗ ਨਹੀਂ ਬਣਨਾ ਚਾਹੁੰਦੀ। ਮੈਂ ਟ੍ਰੈਂਡਸ ਉੱਤੇ ਧਿਆਨ



ਨਹੀਂ ਦਿੰਦੀ। ਕਿਸੇ ਹੋਰ ਅਭਿਨੇਤਰੀ ਨੇ ਜਿੱਦਾਂ ਦੇ ਕੱਪੜੇ ਪਹਿਨੇ ਜਾਂ ਡ੍ਰੈਸਿੰਗ ਕੀਤੀ, ਮੈਂ ਉਹ ਰਿਪੀਟ ਨਹੀਂ ਕਰ ਸਕਦੀ। ਜੇ ਮੈਨੂੰ ਦਿੱਲੀ ਜਾਂ ਲਖਨਊ ਜਾਣਾ ਹੋਵੇ ਤਾਂ ਕਦੇ ਕੁੜਤਾ-ਪਜਾਮਾ ਜਾਂ ਕਦੇ ਜੀਨ-ਟੀ ਸ਼ਰਟ ਪਹਿਨ ਲੈਂਦੀ ਹਾਂ। ਮੈਨੂੰ ਏਅਰਪੋਰਟ, ਜਿਮ ਲੁੱਕਸ ਦੀ ਕੋਈ ਟੈਂਸ਼ਨ ਕਦੇ ਨਹੀਂ ਹੁੰਦੀ। ਮੇਰਾ ਫੈਸ਼ਨ ਬਿਲਕੁਲ ਨਾਰਮਲ ਹੈ ਅਤੇ ਮੇਰੇ ਲਈ ਫੈਸ਼ਨ ਦੀ ਪਰਿਭਾਸ਼ਾ ਕੰਫਰਟ ਹੈ।

**• ਕੀ ਫੈਸ਼ਨ ਵਿੱਚ ਕੁਝ ਅਜਿਹਾ ਵੀ ਹੈ, ਜੋ ਤੁਸੀਂ ਆਮ ਤੌਰ ਉੱਤੇ ਪਸੰਦ ਨਹੀਂ ਕਰਦੇ?**

-ਮੈਨੂੰ ਖੁਦ ਲਈ ਨਾਰਮਲ ਫੈਸ਼ਨ ਪਸੰਦ ਹੈ, ਹਟ ਕੇ ਫੈਸ਼ਨ ਪਸੰਦ ਨਹੀਂ। ਫੈਸ਼ਨ ਵਿੱਚ ਐਨੀਮਲ ਪ੍ਰਿੰਟਸ ਬੇਹੱਦ ਪ੍ਰਸਿੱਧ ਹਨ। ਮੈਂ ਐਨੀਮਲ ਲਵਰ ਹਾਂ ਅਤੇ ਮੈਨੂੰ ਐਨੀਮਲ ਪ੍ਰਿੰਟਸ ਪਹਿਨਣਾ ਬਿਲਕੁਲ ਪਸੰਦ ਨਹੀਂ।

**• ਕਿਹੜੀ ਜਿਊਲਰੀ ਹੈ, ਜਿਸ ਨੂੰ ਤੁਸੀਂ ਆਪਣੇ ਬੈਗ ਵਿੱਚ ਰੱਖਣਾ ਪਸੰਦ ਕਰਦੇ ਹੋ?**

-ਸੱਚ ਕਹਾਂ ਤਾਂ ਬਾਜੂਬੰਦ ਦੀ ਬੇਜੋੜ ਕਾਰੀਗਰੀ ਕਾਰਨ ਮੈਨੂੰ ਉਹ ਬੇਹੱਦ ਪਸੰਦ ਹੈ, ਪਰ ਹੈਵੀ ਜਿਊਲਰੀ ਮੈਨੂੰ ਪਸੰਦ ਨਾ ਹੋਣ ਕਾਰਨ ਮੈਂ ਉਸ ਨੂੰ ਨਹੀਂ ਪਹਿਨਦੀ। ਮੈਂ ਲਾਈਟ ਵੇਟ ਡਾਇਮੰਡ ਲੇਅਰਡ ਨੈਕਲੈਸ ਅਤੇ ਬ੍ਰੇਸਲੇਟ ਪਹਿਨਣਾ ਪਸੰਦ ਕਰਦੀ ਹਾਂ। ਕਿਤੇ ਖਾਸ ਇਵੈਂਟ ਵਿੱਚ ਜਾਣਾ ਹੋਵੇ ਤਾਂ ਇਨ੍ਹਾਂ ਨੂੰ ਆਪਣੇ ਬੈਗ ਵਿੱਚ ਰੱਖਦੀ ਹਾਂ।

**• ਕੀ ਕੋਈ ਕਾਸਮੈਟਿਕਸ ਨਹੀਂ ਰੱਖਦੇ?**

-ਆਮ ਤੌਰ ਉੱਤੇ ਮੈਂ ਨੋ ਮੇਕਅਪ ਪਰਸਨ ਹਾਂ। ਫਿਲਮਾਂ ਦੀ ਖਾਤਰ ਮੈਨੂੰ ਬੇਸਿਕ ਮੇਕਅਪ ਕਰਨਾ ਪੈਂਦਾ ਹੈ, ਨਹੀਂ ਤਾਂ ਮੈਂ ਆਪਣੇ ਲਿਪਸ ਉੱਤੇ ਲਿਪ ਬਾਂ ਅਤੇ ਚਿਹਰੇ ਉੱਤੇ ਸਨਸਕਰੀਨ ਲਾ ਕੇ ਘਰੋਂ ਨਿਕਲਣਾ ਪਸੰਦ ਕਰਦੀ ਹਾਂ। ਘਰ ਵਿੱਚ ਅਤੇ ਜਿੱਥੇ ਲੋੜ ਨਾ ਹੋਵੇ, ਉਥੇ ਕੋਈ ਮੇਕਅਪ ਨਹੀਂ ਕਰਦੀ।

**• ਤੁਹਾਡੀ ਸੁੰਦਰਤਾ ਅਤੇ ਫਿਟਨੈੱਸ ਦਾ ਕੀ ਰਾਜ਼ ਹੈ?**

- ਸਭ ਤੋਂ ਪਹਿਲਾਂ ਯੋਗਾ, ਉਸ ਦੇ ਬਾਅਦ ਡਾਂਸ ਤੇ ਹੋਰ ਕਸਰਤ। ਆਪਣੇ ਸਰੀਰ ਨੂੰ ਸਿਹਤਮੰਦ ਅਤੇ ਸੁੰਦਰ ਬਣਾਈ ਰੱਖਣ ਲਈ ਕਸਰਤ ਕਰਨ ਉੱਤੇ ਭਰੋਸਾ ਕਰਦੀ ਹਾਂ। ਇਸ ਨੂੰ ਰੋਜ਼ ਕਰਨਾ ਜ਼ਰੂਰੀ ਨਹੀਂ ਮੰਨਦੀ, ਕਿਉਂਕਿ ਮੈਂ ਵੀ ਹੋਰ ਲੜਕੀਆਂ ਵਾਂਗ ਆਲਸੀ ਹਾਂ। ਇਸ ਲਈ ਜਦੋਂ ਮੈਨੂੰ ਵਰਕ ਆਊਟ ਲਈ ਬਾਹਰ ਜਾਣ ਦਾ ਮਨ ਨਹੀਂ ਹੁੰਦਾ ਤਾਂ ਮੈਂ ਇੱਦੋਂ ਬਾਹਰ ਜਾਣਾ ਪਸੰਦ ਵੀ ਨਹੀਂ ਕਰਦੀ। ਉਂਝ ਮੈਂ ਯੋਗ ਦੇ ਨਾਲ ਕਦੇ-ਕਦੇ ਕੁਝ ਹੋਰ ਗਤੀਵਿਧੀਆਂ ਕਰਦੀ ਹਾਂ ਜਿਸ ਦਾ ਅਸਰ ਮੇਰੀ ਸਿਹਤ ਉੱਤੇ ਦੇਖਣ ਨੂੰ ਮਿਲਦਾ ਹੈ। ਇਸ ਤੋਂ ਇਲਾਵਾ ਆਪਣੇ ਆਪ ਨੂੰ ਫਿੱਟ ਰੱਖਣ ਲਈ ਡਾਂਸ ਕਰਨਾ ਵੀ ਪਸੰਦ ਕਰਦੀ ਹਾਂ। ਮੈਂ ਆਪਣੇ ਆਪ ਨੂੰ ਇੱਕ ਬੰਦ ਕਮਰੇ ਵਿੱਚ ਬੰਦ ਕਰ ਕੇ ਸੰਗੀਤ ਦੀ ਉਚੀ ਆਵਾਜ਼ ਉੱਤੇ ਖੂਬ ਡਾਂਸ ਕਰਦੀ ਹਾਂ। ਇਸ ਨਾਲ ਮਸਲਜ਼ ਵਿੱਚ ਖਿਚਾਅ ਆਉਂਦਾ ਹੈ ਤੇ ਸਰੀਰ ਫਿੱਟ ਰਹਿੰਦਾ ਹੈ, ਮੋਟਾਪਾ ਨਹੀਂ ਆਉਂਦਾ।

GLOBAL INSURANCE

"WE SECURE YOUR VALUES"

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes



GULSHARAN S. WALIA HARVINDER WALIA KANWAR (SUNNY) WALIA

• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

Autoplan

New Producers Welcome

Call Now For SUPER VISA INSURANCE

ਸੁਪਰ ਵੀਜਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

3 LOCATIONS TO SERVE YOU :

www.globalins.ca

| #101 - 2464 Clearbrook Rd. Abbotsford, BC V2T 2X8 | #102 - 18408 64th Ave. Surrey, BC V3S 1E9 | #115 - 6820 188th St. Surrey, BC V4N 3G6 |
|---|---|---|
| 604-852-8111 | 604-574-5115 | 604-574-1771 |
| Fax: 604-852-4446 | Fax: 604-574-5116 | Fax: 604-574-1761 |



# ਜਾਹਨਵੀ ਨੇ ਪੂਰੀ ਕੀਤੀ 'ਮਿਲੀ' ਦੀ ਸ਼ੂਟਿੰਗ

ਜਾਹਨਵੀ ਕਪੂਰ ਨੇ ਆਪਣੀ ਆਉਣ ਵਾਲੀ ਫਿਲਮ 'ਮਿਲੀ' ਦੀ ਸ਼ੂਟਿੰਗ ਪੂਰੀ ਕਰ ਲਈ ਹੈ। ਇਹ ਜਾਣਕਾਰੀ ਦਿੰਦੇ ਹੋਏ ਜਾਹਨਵੀ ਨੇ ਖੁਦ ਆਪਣੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, "ਮੈਂ ਪਹਿਲੀ ਵਰਾ ਆਪਣੇ ਪਿਤਾ ਬੋਨੀ ਕਪੂਰ ਦੇ ਨਲਾ ਕੰਮ ਕੀਤਾ ਹੈ। ਇਹ ਸ਼ਾਨਦਾਰ ਅਨੁਭਵ ਰਿਹਾ। ਫਿਲਮ 'ਮਿਲੀ ਦਾ ਰੈਪ ਅਪ ਹੋ ਚੁੱਕਾ ਹੈ। ਮੈਂ ਆਪਣੇ ਪੂਰੇ ਜੀਵਨ ਵਿੱਚ ਪਾਪਾ ਦੇ ਬਾਰੇ ਵਿੱਚ ਕੇਵਲ ਇੱਕ ਨਿਰਮਾਤਾ ਦੇ ਰੂਪ ਵਿੱਚ ਕਈ ਕਹਾਣੀਆਂ ਸੁਣੀਆਂ ਹਨ, ਪਰ ਉਨ੍ਹਾਂ ਦੇ ਨਾਲ ਕੰਮ ਕਰਨ ਦੇ ਬਾਅਦ, ਇਹ ਕਹਿਣਾ ਬਹੁਤ ਮੁਸ਼ਕਲ ਲੱਗਦਾ ਹੈ ਕਿ ਤੁਸੀਂ ਆਪਣੀ ਹਰ ਫਿਲਮ ਦੇ ਲਈ ਪੂਰੇ ਦਿਲ ਤੋਂ ਯਤਨ ਕਰਦੇ ਹੋ।" ਇਸ ਪੋਸਟ ਵਿੱਚ ਜਾਹਨਵੀ ਨੇ ਫਿਲਮ ਦੀ ਸ਼ੂਟਿੰਗ ਦੌਰਾਨ ਕਈ ਯਾਦਾਂ ਵੀ ਸ਼ੇਅਰ ਕੀਤੀਆਂ ਹਨ। ਵਰਕਫਰੰਟ ਦੀ ਗੱਲ ਕਰੀਏ ਤਾਂ ਜਾਹਨਵੀ ਜਲਦੀ ਆਨੰਦ ਐੱਲ ਰਾਏ ਦੀ ਫਿਲਮ 'ਗੁਡ ਲਕ ਜੈਰੀ ਵਿੱਚ ਦਿਖਾਈ ਦੇਵੇਗੀ। ਇਸ ਫਿਲਮ ਦੀ ਸ਼ੂਟਿੰਗ ਉਸ ਨੇ ਮਾਰਚ ਵਿੱਚ ਪੂਰੀ ਕੀਤੀ ਸੀ।

MORTGAGE
If you are paying more than
1.30%*
(5 Years VIRM 30 Years Ammortization)
Call us NOW to Lower your Rate!
RAJ GILL HAS "NO STRESS MORTGAGE"
Superior Mortgage
Unit 244-8138-128 Street, Surrey
604 507 1000
Our Symbol of Care & Service



# ਅਗਲੇ ਸਾਲ ਆਵੇਗੀ ਸੋਨਾਕਸ਼ੀ ਸਿਨ੍ਹਾ ਦੀ 'ਡਬਲ ਐਕਸ ਐੱਲ'

ਸੋਨਾਕਸ਼ੀ ਸਿਨਹਾ ਦੀ ਅਗਲੀ ਫਿਲਮ 'ਡਬਲ ਐਕਸ ਐੱਲ ਹੈ। ਉਸ ਨੇ ਹਾਲ ਹੀ ਵਿੱਚ ਦਿੱਲੀ ਵਿੱਚ ਇਸ ਫਿਲਮ ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਸ਼ੁਰੂ ਕੀਤੀ ਹੈ। ਮੇਕਰਸ ਨੂੰ ਦਸੰਬਰ ਤੱਕ ਇਸ ਦੇ ਪੂਰਾ ਸ਼ੂਟ ਹੋਣ ਦੀ ਆਸ ਹੈ ਅਤੇ ਸੰਭਵ ਹੈ ਕਿ ਇਹ ਅਗਲੇ ਸਾਲ ਦੇ ਸ਼ੁਰੂ ਵਿੱਚ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਸ ਫਿਲਮ ਵਿੱਚ ਸੋਨਾਕਸ਼ੀ ਦੇ ਇਲਾਵਾ ਹੁਮਾ ਕੁਰੈਸ਼ੀ ਅਤੇ ਜ਼ਹੀਰ ਇਕਬਾਲ ਵੀ ਨਜ਼ਰ ਆਉਣਗੇ। ਮੁਦੱਸਰ ਅਜ਼ੀਜ ਤੇ ਅਸ਼ਵਿਨ ਵਰਦੇ ਇਸ ਫਿਲਮ ਨੂੰ ਪ੍ਰੋਡਿਊਸ ਕਰ ਰਹੇ ਹਨ। ਫਿਲਮ ਦੀ ਕਹਾਣੀ ਮੋਟਾਪੇ ਦਾ ਸ਼ਿਕਾਰ ਹੋਈਆਂ ਔਰਤਾਂ ਦੇ ਦੁਆਲੇ ਘੁੰਮਦੀ ਹੈ। ਇਸ ਤੋਂ ਪਹਿਲਾਂ ਸੋਨਾਕਸ਼ੀ ਨੇ ਲੰਡਨ ਵਿੱਚ ਇਸ ਫਿਲਮ ਦੇ ਇੱਕ ਮਹੀਨੇ ਦਾ ਸ਼ੂਟਿੰਗ ਸ਼ਡਿਊਲ ਪੂਰਾ ਕੀਤਾ ਹੈ। ਫਿਲਮ ਨੂੰ ਸਤਰਾਮ ਰਮਾਨੀ ਡਾਇਰੈਕਟ ਕਰ ਰਹੇ ਹਨ। ਇਸ ਵਿੱਚ ਆਪਣੇ ਕਿਰਦਾਰਾਂ ਦੇ ਨਾਲ ਨਿਆਂ ਕਰਨ ਲਈ ਸੋਨਾਕਸ਼ੀ ਅਤੇ ਹੁਮਾ ਦੋਵਾਂ ਨੇ ਕਈ ਕਿਲੋ ਵਜ਼ਨ ਵਧਾਇਆ ਹੈ। ਇਹ ਪਹਿਲਾ ਮੌਕਾ ਹੈ, ਜਦ ਦੋਵੇਂ ਕਿਸੇ ਫਿਲਮ ਵਿੱਚ ਇਕੱਠੇ ਨਜ਼ਰ ਆਉਣਗੀਆਂ। ਇਸ ਫਿਲਮ ਦੇ ਇਲਾਵਾ ਸੋਨਾਕਸ਼ੀ ਰੀਮਾ ਕਾਗਤੀ ਅਤੇ ਰੁਚਿਕਾ ਓਬਰਾਏ ਦੇ ਨਿਰਦੇਸ਼ਨ ਵਿੱਚ ਬਣਨ ਵਾਲੀ ਵੈੱਬ ਸੀਰੀਜ਼ ਨਾਲ ਡਿਜੀਟਲ ਡੈਬਿਊ ਵੀ ਕਰਨ ਜ ਰਹੀ ਹੈ। ਇਸੇ ਸਾਲ ਉਸ ਦੀ ਫਿਲਮ 'ਭੁਜ : ਦ ਪ੍ਰਾਈਡ ਆਫ ਇੰਡੀਆ ਡਿਜ਼ਨੀ ਹੌਟਸਟਾਰ 'ਤੇ ਰਿਲੀਜ਼ ਹੋਈ ਸੀ।



# 'ਆਰ.ਆਰ.ਆਰ.' 'ਚ ਸਿਰਫ 15 ਮਿੰਟ ਲਈ ਦਿਸੇਗੀ ਆਲੀਆ



ਡਾਇਰੈਕਟਰ ਐੱਸ ਐੱਸ ਰਾਜਾਮੌਲੀ ਦੀ ਮਲਟੀਸਟਾਰਰ ਫਿਲਮ 'ਆਰ ਆਰ ਆਰ ਵਿੱਚ ਆਲੀਆ ਭੱਟ ਆਪਣੇ ਕਰੀਅਰ ਦੇ ਸਭ ਤੋਂ ਛੋਟੇ ਰੋਲੋ ਵਿੱਚ ਨਜ਼ਰ ਆਏਗੀ। ਦੱਸਿਆ ਗਿਆ ਹੈ ਕਿ ਫਿਲਮ ਵਿੱਚ ਉਸ ਦਾ ਰੋਲ ਮਸਾਂ 15 ਮਿੰਟ ਦਾ ਹੈ। ਪਿੱਛੇ ਜਿਹੇ ਇਸ ਬਾਰੇ ਵਿੱਚ ਆਲਿਆ ਨੇ ਕਿਹਾ, "ਜਦ ਤੋਂ ਮੈਂ ਫਿਲਮ ਇੰਡਸਟਰੀ ਵਿੱਚ ਡੈਬਿਊ ਕੀਤਾ ਸੀ ਤਦ ਤੋਂ ਮੇਰਾ ਡ੍ਰੀਮ ਸੀ ਕਿ ਮੈਂ ਸੰਜੇ ਲੀਲਾ ਭੰਸਾਲੀ ਅਤੇ ਐੱਸ ਐੱਸ ਰਾਜਾਮੌਲੀ ਨਾਲ ਘੱਟ ਤੋਂ ਘੱਟ ਇੱਕ ਵਾਰ ਕੰਮ ਜ਼ਰੂਰ ਕਰਾਂ। ਅਜਿਹੇ ਵਿੱਚ ਜਦ ਮੈਨੂੰ 'ਆਰ ਆਰ ਆਰ ਦਾ ਆਫਰ ਮਿਲਿਆ ਤਾਂ ਮੈਂ ਇਹ ਨਹੀਂ ਸੋਚਿਆ ਕਿ ਮੇਰਾ ਰੋਲ ਕਿੰਨਾ ਲੰਬਾ ਹੈ। ਰਾਜਾਮੌਲੀ ਨਾਲ ਕੰਮ ਕਨਰਾ ਹੀ ਮੇਰੇ ਲਈ ਕਾਫੀ ਹੈ।" ਸੂਤਰਾਂ ਦੀ ਮੰਨੀਏ ਤਾਂ ਸਿਰਫ ਆਲੀਆ ਹੀ ਨਹੀਂ, ਫਿਲਮ ਵਿੱਚ ਅਜੈ ਦੇਵਗਨ ਦਾ ਵੀ ਛੋਟਾ ਜਿਹਾ ਹੀ ਰੋਲ ਹੈ। ਉਨ੍ਹਾਂ ਦੇ ਕਿਰਦਾਰ ਦੀ ਲੰਬਾਈ ਸਿਰਫ ਅੱਠ ਮਿੰਟ ਹੈ।

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।



- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

## Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

**OPEN 7 DAYS**

ICBC autoplan www.goldkeyinsurance.ca

Practice Social Distancing

Please wear a face mask or face covering before entry

Fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

# LOWEST PRICES IN TOWN

ਸ਼ਹਿਰ ਦੇ ਸੱਭ ਤੋਂ ਘੱਟ ਦਾਮ

Long Eggplants
ਲੰਬੇ ਬਤਾਊਂ
99¢ lb

Zucchini Squash
ਜ਼ੁਕੀਨੀ ਸਕੁਐਸ਼
79¢ lb

Daikon (Mooli)
ਮੂਲੀ
88¢ lb

Russet Potatoes USA #1 Snoboy
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$3.39 bag

Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle

Extra Extra Super Special
Round Tomatoes
ਗੋਲ ਟਮਾਟਰ
99¢ lb

Extra Super Super Special
Long English Cucumbers
ਲੰਬੇ ਇੰਗਲਿਸ਼ ਖੀਰੇ
2 for 99¢

Extra Super Super Special
Chickpeas 4 lbs Indican
ਇੰਡੀਕੇਨ ਚਿੱਟੇ ਛੋਲੇ
$3.99 bag

Super Special
Desi Karela
ਦੇਸੀ ਕਰੇਲਾ
98¢ lb

Super Special
Cilantro
ਧਨੀਆ
3 bunches for 99¢

Super Special
Almonds Supreme #1
ਬਦਾਮ ਪ੍ਰੀਮੀਯਮ ਸਾਈਜ਼ ੧
$4.49 lb

Super Special
Maggi Masala Noodles 70 g
ਮੈਗੀ ਮਸਾਲਾ ਨੂਡਲਸ
3 Pkgs. for 99¢

Super Special
Yellow Onions 50 lbs
ਪੀਲੇ ਗੰਢੇ
$11.98 bag

Super Special
Fresh Ginger
ਤਾਜ਼ਾ ਅਦਰਕ
99¢ lb

Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag

Opo Squash
ਓਪੋ ਕੱਦੂ
79¢ lb

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
98¢ lb

Reg. Large Eggplant
ਵੱਡੇ ਬਤਾਊਂ
99¢ ea.

Indian Eggplants
ਦੇਸੀ ਬਤਾਊਂ
99¢ lb

Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.

Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb

Pesi Gur Plain
ਪੇਸ਼ੀ ਗੁੜ
$2.49 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.99 bag

Product images may differ from the actual product.

Fri Dec 03, 2021 - Thur Dec 09, 2021
We reserve the right to limit the quantities while they last

Head Office: 7676 Anvil Way, Surrey
604-502-0005
www.fruiticana.com

Fruiticana since 1994

NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |